# ਅੰਮ੍ਰਿਤ ਕੀਰਤਨ

ੴ

ਮਈ 2011




ਗੁਰੂ ਅਰਜਨ ਦੇਵ ਜੀ

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-

## ਕੁਦਰਤ ਦੇ ਸਭ ਬੰਦੇ



ਨੱਕ ਕੰਨ ਇੱਕੋ ਅੱਖੀਂ ਦੰਦ ਇੱਕੋ,
ਹੱਥ ਪੈਰ ਤੇ ਹੋਰ ਸ਼ਰੀਰ ਇਕੋ।

ਖਾਵਣ ਲਈ ਸਭ ਖਾਂਵਦੇ ਵਸਤ ਇੱਕੋ
ਪਹਿਨਣ ਲਈ ਸਭ ਪਾਂਵਦੇ ਚੀਜ਼ ਇੱਕੋ।

ਕਾਮ ਕਰੋਧ ਲੋਭ ਮੋਹ ਹੰਕਾਰ ਪੰਜੇ,
ਸਭੇ ਵਸਦਾ ਆਤਮਾ ਪੀਰ ਇੱਕੋ।

ਦਇਆ, ਖਿਮਾਂ ਤੇ ਸ਼ੀਲਤਾ ਸਭੀ ਇੱਕੋ,
ਸਬਰ ਸ਼ਾਂਤੀ ਅਤੇ ਮਨ ਧੀਰ ਇੱਕੋ।

ਕਿਹੜੀ ਗਲ ਦਾ ਵਿਤਕਰਾ ਪਾਇਆ ਨੇ,
ਇੱਥੇ ਦਿਸਦੀ ਅੱਡਰੀ ਚੀਜ਼ ਕੋਈ ਨਾ।

ਖਿੱਚੋ ਤਾਣ ਹੈ ਪਾਈ ਭੁਲੇਖਿਆਂ ਨੇ,
ਚੰਗੀ ਮੰਦੀ ਦੀ ਸਾਨੂੰ ਤਮੀਜ਼ ਕੋਈ ਨਾ।

**ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਿਯੋਗੀ

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ

**ਸ: ਹਰਚੰਦਨ ਸਿੰਘ**


▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

▲ Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

ਚੰਦੇ ਦਾ ਵੇਰਵਾ

▲ ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ.
ਜੀਵਨ ਮੈਂਬਰ 1500 ਰੁ.

▲ ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £

▲ 'ਅੰਮ੍ਰਿਤ ਕੀਰਤਨ' ਲਈ ਡਰਾਫਟ
'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।
ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਕਰੋ ਜੀ


ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630
e-mail: drjagirsingh@gmail.com
Website : www.amritkirtan.com, www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

**Type Setting & Designed by :**
**Rajpreet Singh Khural - 9915545084**


## ਇਸ ਅੰਕ ਵਿਚ


ਕਰਉ ਬੇਨੰਤੀਆ - ਦਮਿ ਦਮਿ ਸਦਾ ਸਮਾਲਦਾ 5

ਗ੍ਰਾਮ ਮੂਰਛਨਾ ਤੇ ਠਾਟ-ਪੱਧਤੀ
ਦਿਆਲ ਸਿੰਘ ਪ੍ਰਿੰਸੀਪਲ 6

ਰਾਗ ਰੁੱਤ ਭਾਗ-6
ਕਰਮ ਸਿੰਘ ਰਤਨ 9

ਗੁਰਬਾਣੀ ਕੀਰਤਨ : ਨਵੇਂ ਰੁਝਾਨ
ਡਾ. ਜਸਬੀਰ ਕੌਰ 11

**RITUALS GET US NOWHERE-UNDERSTANDING CAN**
**(Gurcharan Singh Jaito)** 15

गुरुमति संगीत के पारिभाषिक शब्द
नरेन्द्र कौर 17

ਰਾਗ ਗਉੜੀ ਬੈਰਾਗਣਿ: ਇੱਕ ਅਧਿਐਨ
ਡਾ. ਰਾਜੇਸ਼ ਸ਼ਰਮਾ 23

ਸੁਰ ਲਿਪੀ ਵਾਲੇ ਸ਼ਬਦ ਦੇ ਅਰਥ 26


**Please forward your e-mail id at drjagirsingh@gmail.com**

ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ

# ਪ੍ਰੈਸ ਨੋਟ

ਵਿਸ਼ਵ ਪੱਧਰ ਉਤੇ ਅਕਾਦਮਿਕ ਖੇਤਰ ਵਿਚ ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਗੁਰਮਤਿ ਸੰਗੀਤ ਸਬੰਧੀ ਖੋਜ ਦਾ ਮਹਤੱਵਪੂਰਣ ਕੇਂਦਰ ਬਣ ਰਿਹਾ ਹੈ। ਇਸ ਦਿਸ਼ਾ ਵਿਚ ਇਕ ਮਹੱਤਵਪੂਰਨ ਉਪਲਬਧੀ ਦੇ ਅੰਤਰਗਤ ਯੂਨੀਵਰਸਿਟੀ ਆਫ ਮਿਸ਼ੀਗਨ, ਯੂ.ਐਸ.ਏ. ਤੋਂ ਪੀ-ਐਚ.ਡੀ. ਕਰਨ ਵਾਸਤੇ ਫੁਲਬਰਾਈਟ ਸਕਾਲਰਸ਼ਿਪ ਲੈ ਕੇ ਮਿਸਿਜ਼ ਨਿਰੰਜਨ ਕੌਰ ਖਾਲਸਾ ਵਿਭਾਗ ਦੇ ਪ੍ਰੋਫੈਸਰ ਤੇ ਮੁਖੀ ਡਾ. ਗੁਰਨਾਮ ਸਿੰਘ ਦੀ ਅਗਵਾਈ ਵਿਚ ਖੋਜ ਕਰਨ ਲਈ ਪਹੁੰਚੀ ਹੈ। ਇਸ ਤੋਂ ਪਹਿਲਾਂ ਵੀ ਇਕ ਹੋਰ ਖੋਜਾਰਥੀ ਜੈਨ ਪਰੋਟੋਪੋਪਸ ਵੀ ਇਸ ਵਿਭਾਗ ਵਿਚ ਗੁਰਮਤਿ ਸੰਗੀਤ ਵਿਸ਼ੇ ਉਪਰ ਖੋਜ ਕਰਨ ਉਪਰੰਤ ਆਪਣਾ ਪੀ-ਐਚ.ਡੀ. ਦਾ ਕਾਰਜ ਸੰਪੂਰਨ ਕਰ ਚੁੱਕੀ ਹੈ। ਨਿਰੰਜਨ ਕੌਰ ਖਾਲਸਾ ਸਿੱਖ ਧਰਮ ਵਿਚ ਸੰਗੀਤ ਦੇ ਸਮਕਾਲੀ ਪਰਿਪੇਖ ਵਿਚ ਆਪਣਾ ਅਧਿਐਨ ਸੰਪੂਰਨ ਕਰੇਗੀ। ਬੀਬੀ ਨਿਰੰਜਨ ਕੌਰ ਖਾਲਸਾ, ਯੋਗੀ ਹਰਭਜਨ ਸਿੰਘ ਦੁਆਰਾ ਅਮਰੀਕਾ ਵਿਚ ਚਲਾਈ ਗਈ ਸਿੱਖ ਲਹਿਰ ਦੀ ਸਿਰਕਢ ਪ੍ਰਚਾਰਕ ਹੈ। ਆਪਣੇ ਇਸ ਖੋਜ ਕਾਰਜ ਦੌਰਾਨ ਉਹ ਵੱਖ-ਵੱਖ ਵਿਦਵਾਨਾਂ, ਕੀਰਤਨੀਆਂ ਅਤੇ ਇਸ ਖੇਤਰ ਵਿਚ ਸਰਗਰਮ ਸੰਸਥਾਵਾਂ ਦਾ ਅਧਿਐਨ ਕਰੇਗੀ। ਇਥੇ ਵਰਨਣਯੋਗ ਹੈ ਕਿ ਗੁਰਮਤਿ ਸੰਗੀਤ ਵਿਭਾਗ ਸਾਰੇ ਵਿਸ਼ਵ ਵਿਚ ਇਸ ਵਿਸ਼ੇ ਦੇ ਅਧਿਆਪਨ ਲਈ ਪਹਿਲਾ ਸੁਤੰਤਰ ਵਿਭਾਗ ਹੈ ਜੋ ਅੰਡਰ-ਗ੍ਰੈਜੂਏਟ ਪੱਧਰ ਤੋਂ ਲੈ ਕੇ ਪੀ-ਐਚ.ਡੀ. ਤਕ ਦੇ ਵੱਖ-ਵੱਖ ਕੋਰਸਾਂ ਰਾਹੀਂ ਇਸ ਵਿਸ਼ੇ ਦਾ ਅਧਿਆਪਨ ਕਰਵਾ ਰਿਹਾ ਹੈ। ਇਸੇ ਲਈ ਸੰਗੀਤ ਦੇ ਖੇਤਰ ਵਿਚ ਕਾਰਜ ਕਰ ਰਹੇ ਵਿਦੇਸ਼ੀ ਖੋਜੀਆਂ ਤੇ ਵਿਦਵਾਨਾਂ ਲਈ ਇਹ ਵਿਸ਼ੇਸ਼ ਅਕਾਦਮਿਕ ਆਕਰਸ਼ਣ ਦਾ ਕੇਂਦਰ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾ. ਗੁਰਨਾਮ ਸਿੰਘ ਨੇ ਦਸਿਆ ਕਿ ਵਿਸ਼ਵ ਦੇ ਖੋਜਾਰਥੀਆਂ ਨੂੰ ਗੁਰਮਤਿ ਸੰਗੀਤ ਵਿਭਾਗ ਵਿਚ ਲਿਆਉਣ ਲਈ ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਅਤੇ ਡਾਇਰੈਕਟਰ, ਯੋਜਨਾ ਤੇ ਨਿਰੀਖਣ ਡਾ. ਦਵਿੰਦਰ ਸਿੰਘ ਦਾ ਵਿਸ਼ੇਸ਼ ਸਹਿਯੋਗ ਤੇ ਯਤਨ ਸ਼ਲਾਘਾਯੋਗ ਹੈ। ਪੰਜਾਬੀ ਯੂਨੀਵਰਸਿਟੀ ਲਈ ਇਹ ਵੀ ਮਾਣ ਵਾਲੀ ਗੱਲ ਹੈ ਕਿ ਗੁਰਮਤਿ ਸੰਗੀਤ ਵਿਭਾਗ ਦੇ ਪ੍ਰੋਫੈਸਰ ਡਾ. ਗੁਰਨਾਮ ਸਿੰਘ ਜਿਥੇ ਹੌਫਸਟਰਾ ਯੂਨੀਵਰਸਿਟੀ ਵਿਚ ਸਿੱਖ ਮਿਊਜ਼ਕ ਦੇ ਵਿਜ਼ਿਟਿੰਗ ਸਕਾਲਰ ਹਨ, ਉਥੇ ਔਕਸਫਰਡ ਯੂਨੀਵਰਸਿਟੀ ਪ੍ਰੈਸ ਨੇ ਸਿੱਖ ਸੰਸਥਾ ਸਬੰਧੀ ਖੋਜ ਲਈ ਵੀ ਉਚੇਚੇ ਤੌਰ ਤੇ ਚੁਣਿਆ ਹੈ। ਬੀਬੀ ਨਿਰੰਜਨ ਕੌਰ ਖਾਲਸਾ ਗੁਰਮਤਿ ਸੰਗੀਤ ਵਿਭਾਗ ਵਿਚ ਗਾਇਨ, ਤੰਤੀ ਸਾਜ਼ ਵਾਦਨ ਦੀਆਂ ਸੰਗੀਤ ਪ੍ਰਸਤੁਤੀਆਂ ਅਤੇ ਵੱਖ-ਵੱਖ ਵਿਸ਼ਿਆਂ ਉਤੇ ਹੋ ਰਹੀ ਖੋਜ ਦਾ ਅਧਿਐਨ ਕਰਨ ਤੋਂ ਇਲਾਵਾ ਵਿਭਾਗ ਦੇ ਮਿਊਜ਼ਕ ਆਰਕਾਈਵਜ਼ ਦਾ ਅਧਿਐਨ ਵੀ ਕਰ ਰਹੀ ਹੈ।

(ਡਾ. ਗੁਰਨਾਮ ਸਿੰਘ)
ਪ੍ਰੋਫੈਸਰ ਤੇ ਮੁਖੀ
ਗੁਰਮਤਿ ਸੰਗੀਤ ਚੇਅਰ - ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

## ਕਰਉ ਬੇਨੰਤੀਆ

# ਦਮਿ ਦਮਿ ਸਦਾ ਸਮਾਲਦਾ

ਪਿੱਛੇ ਜਿਹੇ ਅੰਬਾਲੇ ਇੱਕ ਮਿੱਤਰ ਸ੍ਰ. ਰਣਬੀਰ ਸਿੰਘ ਦੇ ਘਰ ਗਿਆ। ਉਹਨਾਂ ਦਾ ਦੋ ਸਾਲ ਦਾ ਪੋਤਾ ਸਾਡੇ ਕੋਲ ਆਇਆ ਅਤੇ ਆਪਣੀ ਤੋਤਲੀ ਬੋਲੀ ਵਿੱਚ **ਦਮ ਦਮ ਦਮ ਦਮ** ਕਰਨ ਲੱਗਾ। ਮੈਂ ਮਿਤਰ ਨੂੰ ਪੁਛਿਆ ਇਹ ਕੀ ਕਹਿ ਰਿਹਾ ਹੈ ਤਾਂ ਉਸ ਨੇ ਕਿਹਾ ਕਿ ਇਹ ਕਹਿੰਦਾ ਹੈ ਸ਼ਬਦ ਸੁਣਾਓ। ਰਣਬੀਰ ਸਿੰਘ ਨੇ ਆਪਣੇ ਮੁਬਾਈਲ ਫੋਨ ਵਿੱਚ ਰਿਕਾਰਡ ਕੀਤੇ ਸ਼ਬਦ ਨੂੰ ਵਜਾ ਦਿੱਤਾ। ਜਦੋਂ ਉਸ ਨੇ ਇਹ ਸ਼ਬਦ ਲਗਾਇਆ ਤਾਂ ਕੀਰਤਨੀਏ ਇੱਕ ਵੱਖਰੇ ਹੀ ਅੰਦਾਜ ਬੜੀ ਸੁਰੀਲੀ ਆਵਾਜ਼ ਵਿੱਚ ਇਹ ਸਬਦ ਗਾਇਨ ਕੀਤਾ ਹੋਇਆ ਸੀ:

ਦਮਿ ਦਮਿ ਸਦਾ ਸਮਾਲਦਾ ਦੰਮੁ ਨ ਬਿਰਥਾ ਜਾਇ

ਰਾਗੀ ਸਿੰਘ ਨੇ ਇਹ ਸ਼ਬਦ ਗ਼ੁਲਾਮ ਅਲੀ ਦੀ ਇੱਕ ਗ਼ਜ਼ਲ ਦੀ ਤਰਜ਼ 'ਤੇ ਗਾਇਨ ਕੀਤਾ ਹੈ। ਗ਼ੁਲਾਮ ਅਲੀ ਨੇ ਗ਼ਜਲ- ਯੇ ਕੌਨ ਆ ਗਈ ਦਿਲਰੁਬਾ ਮਹਿਕੀ ਮਹਿਕੀ। ਬਹੁਤ ਵਧੀਆ ਤਰੀਕੇ ਨਾਲ ਗਾਈ ਹੈ। ਇਸ ਦੀ ਨਕਲ ਕਰਨਾ ਸਧਾਰਨ ਗਾਇਕ ਦੇ ਵੱਸ ਦੀ ਗੱਲ ਨਹੀਂ। ਗ਼ੁਲਾਮ ਅਲੀ ਇਸ ਸਦੀ ਦਾ ਮਹਾਨ ਗ਼ਜ਼ਲ ਗਾਇਕ ਹੈ। ਉਸ ਦੀਆਂ ਗ਼ਜ਼ਲਾਂ ਨੂੰ ਮੁੜ ਗਾਇਨ ਕਰਨ ਵਿੱਚ ਆਸ਼ਾ ਭੌਂਸਲੇ ਜਿਹੀਆਂ ਗਾਇਕਾਵਾਂ ਵੀ ਮਾਣ ਮਹਿਸੂਸ ਕਰਦੀਆਂ ਹਨ। ਸਾਡੇ ਕਈ ਨਾਮਵਰ ਰਾਗੀ ਆਪਣੇ ਆਪ ਨੂੰ ਗ਼ੁਲਾਮ ਅਲੀ ਦਾ ਸ਼ਾਗਿਰਦ ਦਸ ਕੇ ਫ਼ਖ਼ਰ ਮਹਿਸੂਸ ਕਰਦੇ ਹਨ। ਸਾਡੇ ਇਸ ਰਾਗੀ ਦੀ ਗਾਇਕੀ ਵਿੱਚੋਂ ਉਸ ਦੀ ਸੰਗੀਤਕ ਪ੍ਰਪੱਕਤਾ ਝਲਕਾਂ ਮਾਰਦੀ ਹੈ। ਉਸ ਨੇ ਇਸ ਸ਼ਬਦ ਨੂੰ ਇਸ ਟਿਊਨ 'ਤੇ ਗਾਉਣ ਲਈ ਕਾਫੀ ਮਿਹਨਤ ਕੀਤੀ ਹੈ।

ਸੰਗਤਾਂ ਅਜਿਹੇ ਰਾਗੀਆਂ ਨੂੰ ਬਹੁਤ ਮਾਣ ਸਤਿਕਾਰ ਦਿੰਦੀਆਂ ਹਨ। ਉਹਨਾਂ ਨੂੰ ਹਵਾਈ ਜਹਾਜ਼ ਦੀਆਂ ਟਿਕਟਾਂ ਅਤੇ ਚੰਗੀ ਚੋਖੀ ਮਾਇਆ ਦੇ ਗੱਫੇ ਦੇ ਕੇ ਨਿਵਾਜਦੀਆਂ ਹਨ। ਪਰ ਜਿਹੜੇ ਕੀਰਤਨੀਏ ਗੁਰਮਤਿ ਸੰਗੀਤ ਦੀ ਰਵਾਇਤੀ ਸ਼ੈਲੀ ਵਿੱਚ ਕੀਰਤਨ ਕਰਦੇ ਹਨ ਉਹਨਾਂ ਨੂੰ ਆਮ ਹੋ ਰਹੇ ਕੀਰਤਨ ਦਰਬਾਰਾਂ ਤੇ ਵੀ ਘੱਟ ਹੀ ਬੁਲਾਇਆ ਜਾਂਦਾ ਹੈ ਅਤੇ ਉਹਨਾਂ ਤੋਂ ਨਿਸ਼ਕਾਮ ਕੀਰਤਨ ਦੀ ਆਸ ਹੀ ਕੀਤੀ ਜਾਂਦੀ ਹੈ। ਅਜਿਹੇ ਸਮੇਂ ਗੁਰਮਤਿ ਸੰਗੀਤ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਕੀਤੇ ਜਾ ਰਹੇ ਜਤਨਾਂ ਬਾਰੇ ਬੇਰੁਖੀ ਦਾ ਆਭਾਸ ਹੋਣ ਲੱਗਦਾ ਹੈ। ਟਕਸਾਲੀ ਕੀਰਤਨੀਆਂ ਨੂੰ ਤਾਂ ਆਪਣੇ ਰਾਗੀ ਜੱਥੇ ਕਾਇਮ ਰੱਖਣ ਵਿੱਚ ਵੀ ਦਿੱਕਤ ਮਹਿਸੂਸ ਹੋ ਰਹੀ ਹੈ। ਅਜਿਹੇ ਸਮੇਂ ਕੋਈ ਕਿਤਨਾ ਕੁ ਚਿਰ ਗੁਰੂ ਸਾਹਿਬ ਵੱਲੋਂ ਦਿੱਤੇ ਆਦੇਸ਼ 'ਤੇ ਕਾਇਮ ਰਹਿ ਸਕਦਾ ਹੈ--

ਭਲੋ ਭਲੋ ਰੇ ਕੀਰਤਨੀਆ ॥
ਰਾਮ ਰਮਾ ਰਾਮਾ ਗੁਨ ਗਾਉ ॥
ਛੋਡਿ ਮਾਇਆ ਕੇ ਧੰਧ ਸੁਆਉ ॥੧॥ ਰਹਾਉ ॥

ਸੰਗਤਾਂ ਨੇ ਹੀ ਗੁਰਮਤਿ ਸੰਗੀਤ ਦੇ ਆਦਰਸ਼ਕ ਮਿਆਰ ਨੂੰ ਕਾਇਮ ਰੱਖਣ ਲਈ ਕੋਈ ਸੰਕਲਪ ਕਰਨਾ ਹੈ।

ਖਿਆਲ ਆਪੋ ਆਪਣਾ

# ਗ੍ਰਾਮ ਮੂਰਛਨਾ ਤੇ ਠਾਟ-ਪੱਧਤੀ

## ਦਿਆਲ ਸਿੰਘ ਪ੍ਰਿੰਸੀਪਲ

ਸੰਗੀਤ ਇਕ ਅਦਭੁਤ ਵਿਸ਼ਾਲ ਤੇ ਪਰਿਵਰਤਨਸ਼ੀਲ ਕਲਾ ਹੈ। ਈਸਾ ਤੋਂ ਹਜ਼ਾਰ ਸਾਲ ਪਹਿਲਾਂ, ਈਸਵੀ ਇਕ ਤਕ ਦਾ ਸਮਾ ਪੁਰਾਣਿਕ ਤੇ ਬੋਧਯ ਕਾਲ ਕਿਹਾ ਜਾਂਦਾ ਹੈ। ਹਰੀਵੰਸ਼ ਪੁਰਾਣ ਤੇ ਆਗਨੇਯ ਪੁਰਾਣ ਵਿਚ ਸੰਗੀਤ ਸੰਬੰਧੀ ਕੁਝ ਨਿਯਮ ਲਿਖੇ ਮਿਲਦੇ ਹਨ। ਜਿਵੇਂ - ਸੁਰ, ਗ੍ਰਾਮ, ਮੂਰਛਨਾ ਆਦਿ। ਇਸੇ ਤਰ੍ਹਾਂ ਬੋਧਯ ਅਤੇ ਜੈਨ ਗ੍ਰੰਥਾਂ ਵਿਚ ਭੀ ਜਾਤੀ ਆਦਿ ਦਾ ਵੇਰਵਾ ਦਿੱਤਾ ਗਿਆ ਹੈ।

ਗੰਧਰਵ ਸੰਗੀਤ : ਇਸ ਸਮੇਂ ਵਿਚ 'ਸੰਗੀਤ' ਸ਼ਬਦ ਦਾ ਪ੍ਰਯੋਗ ਨਹੀਂ ਹੁੰਦਾ ਸੀ, ਸਗੋਂ ਗੰਧਰਵ ਸ਼ਬਦ ਪ੍ਰਚਲਤ ਸੀ। ਗੰਧਰਵ ਖਾਸ ਤੌਰ 'ਤੇ ਸੰਗੀਤਕਾਰਾਂ ਦੀ ਇਕ ਜਾਤੀ ਸੀ, ਜਿਹੜੇ ਸੰਗੀਤ ਵਿੱਦਿਆ ਨੂੰ ਪੂਰਨ ਤੌਰ 'ਤੇ ਅਪਨਾ ਲੈਂਦੇ ਸਨ, ਉਹਨਾਂ ਨੂੰ ਹੀ ਗੰਧਰਵ ਕਹਿੰਦੇ ਹਨ। ਰਿਸ਼ੀ ਨਾਰਦ ਜੀ ਨੂੰ ਦੇਵ ਗੰਧਰਵ ਦੀ ਉਪਾਧੀ ਮਿਲੀ ਹੋਈ ਸੀ। ਹਾ ਹਾ, ਹੂ, ਹੂ ਤੇ ਤੁੰਬਰੂ ਉੱਤਮ ਗੰਧਰਵ ਸਨ। ਪਾਂਡਵ ਅਰਜੁਨ ਨੇ ਗਾਇਨ-ਵਾਦਨ ਤੇ ਨਿਰਤ ਦੀ ਸਿੱਖਿਆ ਗੰਧਰਵ ਚਿਤ੍ਰਸੇਨ ਤੋਂ ਪ੍ਰਾਪਤ ਕੀਤੀ ਸੀ। ਕ੍ਰਿਸ਼ਨ ਜੀ ਵੀ ਗੰਧਰਵ ਵਿੱਦਿਆ ਦੇ ਵਿਦਵਾਨ ਸਨ। ਇਸੇ ਤਰ੍ਹਾਂ ਇਸਤਰੀਆਂ ਵਿਚੋਂ ਦੇਵਯਾਨੀ ਤੇ ਮਹਾਰਾਜਾ ਵਿਰਾਟ ਦੀ ਪੁੱਤਰੀ ਉੱਤਰਾ ਤੇ ਉਸ ਦੀਆਂ ਸਹੇਲੀਆਂ ਨੂੰ ਵੀ ਗੰਧਰਵ ਵਿੱਦਿਆ ਦੀ ਸਿੱਖਿਆ ਦਿੱਤੀ ਜਾਂਦੀ ਸੀ।

ਭਰਤ ਦਾ ਨਾਟਯ ਸ਼ਾਸਤ੍ਰ : ਤੀਸਰੀ ਸਦੀ ਵਿਚ ਭਰਤ ਨੇ 'ਨਾਟਯ ਸ਼ਾਸਤਰ' ਨਾਮ ਦਾ ਇਕ ਪ੍ਰਸਿੱਧ ਗ੍ਰੰਥ ਲਿਖਿਆ, ਇਸ ਵਿਚ ਉਸ ਨੇ ਗੀਤ, ਵਾਦਯ, ਨਿਰਤ, ਸ਼ਰੁਤੀ, ਸੁਰ, ਜਾਤੀ, ਗ੍ਰਾਮ, ਮੂਰਛਨਾ ਆਦਿ ਦਾ ਵਰਣਨ ਕੀਤਾ ਹੈ। ਭਰਤ ਦਾ ਇਹ ਨਾਟਯ ਸ਼ਾਸਤਰ ਪ੍ਰਾਚੀਨ ਸਮੇਂ ਦੇ ਸੰਗੀਤ ਦਾ ਇਕ ਆਧਾਰ ਗ੍ਰੰਥ ਮੰਨਿਆ ਹੈ।

ਬ੍ਰਿਹੱਦ ਦੇਸ਼ੀ ਗ੍ਰੰਥ : ਅਠਵੀਂ ਸਦੀ ਦੇ ਲਗਭਗ ਮਤੰਗਮੁਨੀ ਦਾ ਲਿਖਿਆ ਬ੍ਰਿਹੱਦਦੇਸ਼ੀ ਗ੍ਰੰਥ ਮਿਲਦਾ ਹੈ। ਜਿਸ ਵਿਚ ਉਸ ਨੇ ਗ੍ਰਾਮ ਤੇ ਮੂਰਛਨਾ ਦਾ ਵਿਸਥਾਰ ਸਹਿਤ ਵਰਣਨ ਕੀਤਾ ਹੈ। ਸਭ ਤੋਂ ਪਹਿਲਾਂ 'ਰਾਗ' ਸ਼ਬਦ ਦਾ ਸਪਸ਼ਟ ਰੂਪ ਵਿਚ ਉਲੇਖ ਇਸੇ ਗ੍ਰੰਥ ਵਿਚ ਆਇਆ ਹੈ। ਮਤੰਗਮੁਨੀ ਦਾ ਕਥਨ ਹੈ-"ਕਿਉਂਕਿ ਭਰਤ ਅਤੇ ਦੂਜੇ ਗ੍ਰੰਥਕਾਰਾਂ ਨੇ ਆਪਣੇ-ਆਪਣੇ ਗ੍ਰੰਥਾਂ ਵਿਚ ਰਾਗ ਰੀਤੀ ਦਾ ਨਾ ਤਾਂ ਵਰਣਨ ਕੀਤਾ ਹੈ ਅਤੇ ਨਾ ਹੀ ਉਸ ਦਾ ਹਵਾਲਾ ਹੀ ਦਿੱਤਾ ਹੈ, ਇਸ ਲਈ ਮੈਂ ਆਪ ਰਾਗ ਰੀਤੀ ਦੇ ਵਿਸ਼ੇ ਵਿਚ ਜਿਸ ਤਰ੍ਹਾਂ ਉਹਨਾਂ ਦੇ ਗਾਉਣ ਦੀ ਪ੍ਰਥਾ ਹੈ, ਲਿਖਦਾ ਹਾਂ।" ਇਸ ਤੋਂ ਪਤਾ ਲਗਦਾ ਹੈ ਕਿ ਰਾਗ ਗਾਉਣ ਦੀ ਪ੍ਰਥਾ ਦੇਸ਼ ਵਿਚ ਭਰਤ ਦੇ ਬਾਅਦ ਅਤੇ ਮਤੰਗ ਤੋਂ ਪਹਿਲਾਂ ਆਰੰਭ ਹੋ ਚੁੱਕੀ ਸੀ।

ਸੰਗੀਤ ਮਕਰੰਦ : ਅੱਠਵੀਂ ਸਦੀ ਵਿਚ ਹੀ ਨਾਰਦ ਕ੍ਰਿਤ 'ਸੰਗੀਤ ਮਕਰੰਦ' ਪ੍ਰਕਾਸ਼ ਵਿਚ ਆਇਆ, ਜਿਸ ਵਿਚ ਰਾਗ-ਰਾਗਣੀਆਂ ਦੀ ਕਲਪਨਾ ਪਹਿਲੀ ਵਾਰ ਕੀਤੀ ਗਈ। ਕਿਹਾ ਜਾਦਾ ਹੈ ਕਿ ਇਸੇ ਗ੍ਰੰਥ ਦੇ ਆਧਾਰ ਤੇ ਅੱਗੋਂ ਭਿੰਨ-ਭਿੰਨ ਮਤ ਪ੍ਰਚਲਤ ਹੋ ਗਏ। ਜਿਵੇਂ: ਸ਼ਿਵਮਤ, ਕਾਲੀਨਾਥ ਮਤ, ਭਰਤਮਤ, ਹਨੂਮਾਨ ਮਤ ਇਤਿਆਦਿ। ਲਗਭਗ ਇਹ ਸਭ ਗ੍ਰੰਥ ਕਰਤਾ 6 ਰਾਗ 30-36 ਰਾਗਣੀਆਂ ਤੇ 48 ਪੁੱਤਰ ਤੇ ਪੁੱਤਰ-ਵਧੂ ਦਾ ਵਰਣਨ ਕਰਦੇ ਹਨ।

ਸੰਗੀਤ ਰਤਨਾਕਰ : ਤੇਹਰਵੀਂ ਸਦੀ ਵਿਚ ਪੰਡਿਤ ਸਾਰੰਗਦੇਵ ਨੇ 'ਸੰਗੀਤ ਰਤਨਾਕਰ' ਗ੍ਰੰਥ ਲਿਖਿਆ, ਜਿਸ ਵਿਚ ਨਾਦ, ਸ਼ਰੁਤੀ-ਸੁਰ, ਗ੍ਰਾਮ, ਮੂਰਛਨਾ, ਜਾਤੀ ਦਾ ਵੇਰਵਾ ਵਿਸਥਾਰ ਪੂਰਵਕ ਦਿੱਤਾ ਹੈ। ਜਿਸ ਨੂੰ ਦੱਖਣ (ਕਰਨਾਟਕ) ਤੇ ਉੱਤਰੀ ਭਾਰਤੀ ਸੰਗੀਤ ਵਿਦਵਾਨ ਆਪਣਾ ਸੰਗੀਤ ਆਧਾਰ ਮੰਨਦੇ ਹਨ। ਪੰਡਿਤ ਸਾਰੰਗਦੇਵ (ਦੌਲਤਾਬਾਦ) ਦੇ ਯਾਦਵ ਵੰਸ਼ੀ ਰਾਜ ਦਰਬਾਰ ਦਾ ਸੰਗੀਤਾਚਾਰੀਯ ਸੀ।

ਤੇਰ੍ਹਵੀਂ ਸਦੀ ਦੇ ਆਰੰਭ ਕਾਲ ਵਿਚ ਦਿੱਲੀ ਦੇ ਤਖ਼ਤ ਉੱਤੇ ਅਲਾਉਦੀਨ ਖਿਜਲੀ ਦਾ ਰਾਜ ਸੀ। ਉਸ ਦੇ ਦਰਬਾਰ

ਵਿਚ ਹਜ਼ਰਤ ਅਮੀਰ ਖੁਸਰੋ ਨਾਮ ਦਾ ਇਕ ਪ੍ਰਸਿੱਧ ਗਾਇਕ ਰਾਜ ਮੰਤਰੀ ਸੀ। ਇਹ ਬੜਾ ਚਤੁਰ ਕਵੀ ਅਤੇ ਸੰਗੀਤਕਾਰ ਸੀ, ਇਸ ਨੇ ਅਨੇਕ ਰਾਗ ਸਾਜ਼ ਤੇ ਤਾਲਾਂ ਦੀ ਰਚਨਾ ਵੀ ਕੀਤੀ ਸੀ। ਸਭ ਤੋਂ ਪਹਿਲਾਂ ਇਸ ਨੇ ਹਿੰਦੁਸਤਾਨੀ ਗਾਇਕਾਂ ਨਾਲ ਮਿਲ ਕੇ ਜਿਹਨਾਂ ਵਿਚ ਦੇਵਗਿਰੀ ਰਾਜ ਦਾ ਮਹਾਨ ਵਿਦਵਾਨ ਗਾਇਕ ਗੋਪਾਲ ਨਾਇਕ ਵੀ ਸੀ, ਇਹਨਾਂ ਸਭ ਨੇ ਮਿਲ ਕੇ ਸੰਗੀਤ ਸ਼ਾਸਤ੍ਰ ਦੀ ਇਕ ਨਵੀਂ ਪੱਧਤੀ ਕਾਇਮ ਕੀਤੀ। ਜਿਸ ਨੂੰ ਉੱਤਰੀ ਭਾਰਤੀ (ਹਿੰਦੁਸਤਾਨੀ) ਸੰਗੀਤ ਪੱਧਤੀ ਆਖਦੇ ਹਨ, ਉਸੇ ਸਮੇਂ ਤੋਂ ਭਾਰਤ ਵਿਚ ਸੰਗੀਤ ਦੀਆਂ ਵੱਖੋ-ਵੱਖ ਦੋ ਪ੍ਰਣਾਲੀਆਂ ਪ੍ਰਚਲਿਤ ਹੋ ਗਈਆਂ।

੧. ਦੱਖਣੀ ਕਰਣਾਟਕੀ ਸੰਗੀਤ ਪ੍ਰਣਾਲੀ      ੨. ਉੱਤਰੀ ਭਾਰਤੀ ਸੰਗੀਤ ਪ੍ਰਣਾਲੀ।

ਸੰਗੀਤ ਰਾਗ ਤਰੰਗਣੀ : ਪੰਦਰਵੀਂ ਸਦੀ ਵਿਚ ਲੋਚਨ ਕਵੀ ਨੇ 'ਉੱਤਰੀ ਭਾਰਤੀ ਸੰਗੀਤ' ਪੱਧਤੀ ਉੱਤੇ ਇਕ ਪ੍ਰਸਿੱਧ ਰਾਗਤਗਣੀ ਗ੍ਰੰਥ ਲਿਖਿਆ। ਜਿਸ ਵਿਚ ਉਸ ਨੇ ਰਾਗ-ਰਾਗਣੀ ਦੇ ਬਖੇੜੇ ਨੂੰ ਤਿਆਗ ਕੇ ਜਨਕ-ਜਨਯ ਰਾਗਾਂ ਨੂੰ 12 ਜਨਕ ਮੇਲ (ਠਾਟਾਂ) ਵਿਚ ਵੰਡ ਦਿੱਤਾ। ਉਸ ਦਾ ਸ਼ੁੱਧ ਠਾਟ ਕਾਫੀ ਠਾਟ ਦੇ ਸਮਾਨ ਸੀ। ਉਸ ਤੋਂ ਬਾਅਦ ਪੰਡਿਤ ਅਹੋਬਲ ਨੇ 'ਸੰਗੀਤ ਪਰਿਜਾਤ' ਲਿਖਿਆ। ਇਸ ਨੇ ਸਭ ਤੋਂ ਪਹਿਲਾਂ ਗਣਿਤ ਦੇ ਨਿਯਮ ਅਨੁਸਾਰ ਵੀਣਾ ਦੇ 36 ਇੰਚ ਲੰਮੇਂ ਬਾਜ ਦੇ ਤਾਰ ਦੀ ਲੰਬਾਈ ਨੂੰ ਵੰਡ ਕੇ ਭਿੰਨ-ਭਿੰਨ ਨਾਮ ਤੋਂ ਆਪਣੇ ਸ਼ੁੱਧ ਅਤੇ ਵਿਕ੍ਰਿਤ ਸੁਰ ਕਾਯਮ ਕੀਤੇ। ਅਹੋਬਲ ਦਾ ਸ਼ੁੱਧ ਠਾਟ ਭੀ ਲੋਚਨ ਵਾਂਗ ਕਾਫੀ ਠਾਟ ਦੇ ਸਮਾਨ ਹੀ ਸੀ।

ਉਪਰੋਕਤ ਲਿਖੇ ਅਨੁਸਾਰ ਪੰਦਰਵੀਂ-ਸੋਲਵੀਂ ਸਦੀ ਤਕ (ਰਾਗ-ਰਾਗਣੀ) ਤੋਂ ਇਲਾਵਾ ਜਨਕ-ਜਨਯ ਮੇਲ (ਠਾਟ) ਭੀ ਪਰਚਲਿਤ ਹੋ ਗਏ। ਅਸਾਂ ਹੁਣ ਕੇਵਲ ਇਸ ਤੇ ਵੀਚਾਰ ਕਰਨੀ ਹੈ ਕਿ 'ਗ੍ਰਾਮ-ਮੂਰਛਨਾ' ਦੇ ਨਿਯਮ ਨੂੰ ਤਿਆਗ ਕੇ 'ਠਾਟ ਪੱਧਤੀ' ਕਦੋਂ ਅਤੇ ਕਿਵੇਂ ਪ੍ਰਚਲਿਤ ਹੋਈ।

ਅਠਾਰਵੀਂ ਸਦੀ ਦੇ ਪੂਰਬਾਰਧ ਵਿਚ ਦਿੱਲੀ ਦਾ ਬਾਦਸ਼ਾਹ ਮੁਹੰਮਦ ਸ਼ਾਹ 'ਰੰਗੀਲਾ' ਹੋਇਆ ਹੈ। ਇਹ ਸੰਗੀਤ ਦਾ ਬੜਾ ਪ੍ਰੇਮੀ ਸੀ, ਇਸ ਦੇ ਦਰਬਾਰ ਵਿਚ ਦੋ ਅਤਿਅੰਤ ਪ੍ਰਸਿੱਧ ਗਾਇਕ ਸਦਾਰੰਗ-ਅਦਾਰੰਗ ਸਨ, ਜਿਹਨਾਂ ਨੇ ਭਿੰਨ ਭਿੰਨ ਰਾਗਾਂ ਵਿਚ ਹਜ਼ਾਰਹਾ ਖਯਾਲਾਂ ਦੀ ਰਚਨਾ ਕਰ ਕੇ ਅਨੇਕ ਸ਼ਾਗਿਰਦ ਤਿਆਰ ਕੀਤੇ। ਅਸਲ ਵਿਚ ਇਹਨਾਂ ਦੇ ਸਮੇਂ ਤੋਂ ਹੀ ਰਾਗਾਂ ਵਿਚ ਪਰਿਵਰਨ ਹੋਣਾ ਸ਼ੁਰੂ ਹੋ ਗਿਆ ਸੀ। ਕਿਉਂਕਿ ਖਯਾਲ ਗਾਇਕੀ ਵਿਚ ਅਲਾਪ ਤੇ ਸੁਰ-ਸਰਗਮ (ਤਾਨ-ਪਲਟੇ) ਮੁੱਖ ਹੁੰਦੇ ਹਨ। ਸੋ ਜਿਹਨਾਂ ਰਾਗਾਂ ਵਿਚ ਸਪਾਟ ਤਾਨ ਲਾਉਣੀ ਕਠਿਨ ਸੀ, ਉਹਨਾਂ ਨੂੰ ਕਿਤੇ ਕਿਤੇ ਥੋੜ੍ਹਾ ਬਦਲ ਦਿੱਤਾ ਗਿਆ। ਇਸੇ ਤਰ੍ਹਾਂ ਮ੍ਰਿਦੰਗ ਜੈਸੇ ਬਿਲੰਦ ਤੇ ਆਂਸਦਾਰ ਸਾਜ਼ ਦੀ ਥਾਂ 'ਤਬਲਾ' ਜੋ ਖਯਾਲ, ਤਰਾਨਾ, ਠੁਮਰੀ, ਟੱਪਾ, ਗ਼ਜ਼ਲ ਆਦਿ, ਨਾਜ਼ੁਕ ਤੇ ਕੋਮਲ ਗਾਇਨ ਸ਼ੈਲੀ ਨਾਲ ਮੇਲ ਖਾਂਦਾ ਸੀ ਪ੍ਰਚਲਿਤ ਹੋ ਗਿਆ। ਤਬਲੇ ਦਾ ਪਹਿਲਾ ਉਸਤਾਦ ਸਿਧਾਰ ਖਾਂ ਢਾਢੀ ਦਿੱਲੀ ਦਾ ਹੀ ਰਹਿਣ ਵਾਲਾ ਸੀ। ਉਸ ਤੋਂ ਬਾਅਦ ਰੋਸ਼ਨ ਖਾਂ, ਤੁੱਲਨ ਖਾਂ, ਕੱਲੂ ਖਾਂ ਅਤੇ ਮੀਆਂ ਅੰਮ੍ਰਿਤ ਸੈਨ, ਖਲੀਫਾ ਹਫ਼ੀਜ਼ ਖਾਂ ਉਸਤਾਦ ਨਿਸਾਰ ਖਾਂ, ਇਹ ਭੀ ਦਿੱਲੀ ਦੇ ਨਿਵਾਸੀ ਸਨ। ਅੱਗੋਂ ਇਹਨਾਂ ਦੇ ਸ਼ਾਗਿਰਦਾਂ ਨੇ ਆਪੋ-ਆਪਣੇ ਢੰਗ ਨਾਲ ਤਬਲਾ ਵਜਾਉਣਾ-ਸਿਖਾਉਣਾ ਸ਼ੁਰੂ ਕਰ ਦਿੱਤਾ, ਇੰਝ ਇਹਨਾ ਦੇ ਵੱਖੋ-ਵੱਖ ਘਰਾਣੇ ਮੰਨੇ ਗਏ।

## ਆਧੁਨਿਕ ਠਾਟ ਪੱਧਤੀ

ਮੁਹੰਮਦ ਸ਼ਾਹ ਰੰਗੀਲੇ ਤੋਂ ਬਾਅਦ ਸਹਿਜੇ-ਸਹਿਜੇ ਮੁਗ਼ਲ ਹਕੂਮਤ ਖ਼ਤਮ ਹੋ ਗਈ ਅਤੇ ਅੰਗਰੇਜ਼ਾ ਦਾ ਰਾਜ ਕਾਇਮ ਹੋ ਗਿਆ। ਇੰਝ ਕਾਫੀ ਸਮੇਂ ਤਕ ਸੰਗੀਤ ਦੀ ਹਾਲਤ ਡਾਵਾਂ-ਡੋਲ ਰਹੀ। ਫਿਰ ਉੱਨੀਵੀਂ ਸਦੀ ਵਿਚ ਦੋ ਮਹਾਨ ਸੰਗੀਤਾਚਾਰੀਯ ਪੰਡਿਤ ਵਿਸ਼ਨੂ ਨਾਰਾਇਣ ਭਾਤਖਡਗੇ ਅਤੇ ਸ਼੍ਰੀ ਵਿਸ਼ਨੂ ਨਾਰਾਇਣ 'ਪਲੁਸਕਰ' ਨੇ ਪਹਿਲਾਂ ਪ੍ਰਾਚੀਨ ਸੰਗੀਤ ਗ੍ਰੰਥਾਂ ਦਾ ਅਧਿਐਨ ਕਰਕੇ 12 ਸੁਰਾਂ 'ਤੇ ਆਧਾਰਤ ਠਾਟ ਪੱਧਤੀ ਨੂੰ ਅਪਣਾਇਆ। ਭਾਵ, ਕੇਵਲ ਦਸ ਠਾਟ ਚੁਣ ਕੇ ਉਹਨਾਂ ਦਸ ਠਾਟਾਂ ਵਿਚ ਉੱਤਰੀ ਭਾਰਤੀ ਪੱਧਤੀ ਦੇ ਸਾਰੇ ਰਾਗਾਂ ਦਾ ਨਵੇਂ ਸਿਰਿਉਂ ਵਰਗੀਕਰਨ ਕਰਕੇ ਸੰਗੀਤ ਗ੍ਰੰਥ ਲਿਖੇ ਅਤੇ ਥਾਂ ਥਾਂ ਜਾ ਕੇ ਸੰਗੀਤ ਵਿਦਿਆਲਾ ਦੀ ਸਥਾਪਨਾ ਕੀਤੀ।

ਪ੍ਰਾਚੀਨ 'ਗ੍ਰਾਮ ਮੂਰਛਨਾ' ਪੱਧਤੀ ਬਹੁਤ ਔਖੀ ਤੇ ਜਟਿਲ ਸੀ। ਮੂਰਛਨਾ ਰਾਹੀ ਠਾਟ (ਰਾਗ) ਕਿਵੇਂ ਤਬਦੀਲ ਹੁੰਦੇ ਸਨ, ਇਸ ਦਾ ਵਿਸਥਾਰ ਸਹਿਤ ਵਰਣਨ ਮੈਂ 'ਗੁਰਮਤਿ ਸੰਗੀਤ ਸਾਗਰ' ਦੇ ਦੂਜੇ ਭਾਗ ਵਿਚ ਕੀਤਾ ਹੈ।

ਇਹ ਲੇਖ ਮੈਂ ਉਹਨਾਂ ਰਾਗੀ-ਪ੍ਰਚਾਰਕਾਂ ਦੀ ਗਿਆਤ ਲਈ ਲਿਖਿਆ ਹੈ, ਜਿਹੜੇ ਸਟੇਜ ਉੱਤੇ ਬਹਿਕੇ ਆਖਦੇ ਹਨ ਕਿ ਸਾਧ ਸੰਗੀਤ ਜੀ ! ਗੁਰੂ ਸਾਹਿਬਾਨ ਨੇ ਸ੍ਰੀ ਰਾਗ ਨੂੰ ਸ਼੍ਰੋਮਣੀ ਰਾਗ ਮੰਨਿਆ ਹੈ। "ਰਾਗਾਂ ਵਿਚਿ ਸਿਰੀ ਰਾਗੁ ਹੈ" ਇਸੇ ਤਰ੍ਹਾਂ

'ਰਾਗਮਾਲਾ' ਲਿਖਾਣ ਵੇਲੇ 5 ਰਾਗਾਂ ਵਿਚੋਂ ਰਾਗ ਭੈਰਉ ਨੂੰ ਪ੍ਰਮੁੱਖਤਾ ਬਖ਼ਸ਼ਿਸ਼ ਕੀਤੀ ਹੈ। ਆਧੁਨਿਕ ਸਮੇਂ ਵਿਚ ਇੰਝ ਦੀਆਂ ਗੱਲਾਂ ਅਕਸਰ ਉਹ ਸੱਜਣ ਕਰਦੇ ਹਨ, ਜਿਹਨਾਂ ਨੂੰ ਸੰਗੀਤ ਸ਼ਾਸਤਰ ਦਾ ਊੜਾ-ਐੜਾ ਦਾ ਵੀ ਗਿਆਨ ਨਹੀਂ।

ਆਧੁਨਿਕ ਠਾਟ ਪੱਧਤੀ ਵਿਚ ਲਿਖੇ 6 ਰਾਗਾਂ ਨੂੰ ਇੰਝ ਸਮਝੋ ਜਿਵੇਂ ਕੋਈ ਤਿੰਨ-ਚਾਰ ਸਾਲ ਦੇ ਬੱਚਿਆਂ ਦੇ ਫੋਟੋ ਲੈ ਕੇ ਰੱਖ ਲਵੇ ਅਤੇ ਤੀਹ-ਚਾਲੀ ਸਾਲ ਬਾਅਦ ਉਹਨਾਂ ਹੀ ਬੰਦਿਆਂ ਤੋਂ ਪੁੱਛੇ ਕਿ ਦੱਸੋ ਇਹ ਫੋਟੋ ਕਿਹਨਾਂ ਦੇ ਹਨ, ਤਾਂ ਉਹ ਆਪ ਆਪਣੇ ਹੀ ਸਰੂਪ ਨਹੀਂ ਸਿਆਣ ਸਕਦੇ। ਇਸੇ ਤਰ੍ਹਾਂ ਤਿੰਨ-ਚਾਰ ਸੌ ਸਾਲ ਪਹਿਲਾਂ ਜੋ ਸੁਰ-ਰੂਪ ਇਹਨਾਂ ਰਾਗਾਂ ਦਾ ਸੀ, ਉਸ ਵਿਚ ਜ਼ਮੀਨ-ਆਸਮਾਨ ਦਾ ਅੰਤਰ ਹੋ ਗਿਆ ਹੈ। ਜਿਵੇਂ:

1. ਸ੍ਰੀ ਸ਼੍ਰੋਮਣੀ ਰਾਗ ਸੀ। ਪਰ ਉਦੋਂ ਇਸ ਵਿਚ 'ਗਾ-ਨੀ ਕੋਮਲ' ਰੇ-ਪਾ' ਤੀਵਰ ਤੇ ਮੱਧਮ ਸ਼ੁੱਧ ਲਗਦਾ ਸੀ। ਹੁਣ ਇਹੋ ਪੂਰਵੀ ਠਾਟ ਦਾ ਰਾਗ ਹੈ, ਜਿਸ ਵਿਚ 'ਰੇ-ਧਾ' ਕੋਮਲ 'ਗਾ ਮਾ ਨੀ' ਤੀਵਰ ਲਗਦੇ ਹਨ।
2. ਮਾਲਕੌਂਸ ਰਾਗ ਭੈਰਵੀ ਠਾਟ ਵਾਂਗ ਸੀ, ਪਰ ਹੁਣ ਇਹ 'ਰੇ-ਪਾ' ਵਰਜਿਤ ਭੈਰਵੀ ਠਾਟ ਦਾ ਰਾਗ ਹੈ।
3. ਹਿੰਡੋਲ ਰਾਗ ਵਿਚ 'ਰੇ, ਗਾ, ਮਾ, ਧਾ, ਨੀ' ਤੀਵਰ ਤੇ ਪੰਚਮ ਸੁਰ ਲਗਦਾ ਸੀ, ਹੁਣ ਇਹ 'ਰੇ-ਪਾ' ਵਰਜਿਤ ਕਲਿਆਣ ਠਾਟ ਦਾ ਰਾਗ ਹੈ।
4. ਦੀਪਕ ਰਾਗ ਆਸਾਵਰੀ ਠਾਟ ਰਾਗ ਸੀ, ਹੁਣ ਇਹ ਪੂਰਵੀ ਠਾਟ ਦਾ ਰਾਗ ਹੈ।
5. ਮੇਘ ਰਾਗ ਵਿਚ 'ਰੇ, ਗਾ, ਧਾ' ਤੀਵਰ ਮੱਧਮ ਸ਼ੁੱਧ ਪੰਚਮ ਤੇ ਨੀ ਕੋਮਲ ਸੀ। ਪਰ ਹੁਣ 'ਗਾ-ਧਾ' ਵਰਜਿਤ ਖਮਾਜ ਜਾਂ ਕਾਫੀ ਠਾਟ ਦਾ ਰਾਗ ਹੈ।
6. ਭੈਰਉ ਰਾਗ ਵਿਚ ਕੋਈ ਖਾਸ ਪਰਿਵਰਤਨ ਨਹੀਂ ਹੋਇਆ ਅਤੇ ਇਹ ਆਧੁਨਿਕ ਦਸ ਠਾਟਾਂ ਵਿਚ ਸ਼ਾਮਲ ਹੈ।

ਗੁਰਮਤਿ ਵਿਦਿਆਲਾ, ਗੁ: ਰਕਾਬ ਗੰਜ, ਨਵੀਂ ਦਿੱਲੀ



# ਰਾਗ ਰੁੱਤ ਭਾਗ-6

## ਕਰਮ ਸਿੰਘ ਰਤਨ

ਦਾਸ ਨੇ ਪਹਿਲੇ ਲਿਖਿਆ ਸੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜੋ ਰਾਗ ਮਾਲਾ ਗੁਰੂ ਸਾਹਿਬ ਜੀ ਨੇ ਲਿਖੀ ਹੈ, ਇਸ ਰਾਗ ਮਾਲਾ ਦੇ ਛੇਵੇਂ ਰਾਗ, ਛੇ ਦੇਵਤੇ ਹਨ। ਰਾਗ ਮਾਲਾ ਵਿਚ ਇਹ ਤਰਤੀਬ ਇਸ ਤਰ੍ਹਾਂ ਹੈ-1. ਭੈਰਉ, 2. ਮਾਲਕੌਂਸ, 3. ਹਿੰਡੋਲ, 4. ਦੀਪਕ, 5. ਸਿਰੀ ਰਾਗ, 6. ਮੇਘ। ਲੇਕਿਨ ਦੇਵਤਿਆਂ ਦੇ ਹਿਸਾਬ ਨਾਲ ਇਹਨਾਂ ਦਾ ਦਰਜਾ ਤਰਤੀਬ ਇਸ ਤਰ੍ਹਾਂ ਹੈ-1. ਰਾਗ ਸ੍ਰੀ ਦਾ ਪਹਿਲਾ ਹੈ, ਕਿਉਂ ਰਾਗ ਸ੍ਰੀ ਭਗਵਾਨ ਵਿਸ਼ਨੂੰ ਜੀ ਹਨ ਤੇ ਹਿੰਦੁਸਤਾਨੀ ਸੰਸਕ੍ਰਿਤੀ ਵਿਚ ਭਗਵਾਨ ਵਿਸ਼ਨੂੰ ਜੀ ਨੂੰ (ਸ੍ਰੀ ਹਰੀ ਕਹਿ ਕੇ ਸਤਿਕਾਰਿਆ ਜਾਂਦਾ ਹੈ। ਇਹ ਰਾਗ ਸਭ ਰਾਗਾਂ ਦਾ ਰਾਜਾ ਹੈ ਯਾਨੀ ਰਾਸ਼ਟਰਪਤੀ ਹੈ ਅਤੇ ਇਸ ਦੇਵਤੇ ਪਾਸ ਸਾਰੀ ਸ੍ਰਿਸ਼ਟੀ ਦਾ ਖਜ਼ਾਨਾ ਹੈ, ਤੇ ਧੰਨ ਲਕਸ਼ਮੀ ਵੀ ਹੈ। ਸਾਰੀ ਸ੍ਰਿਸ਼ਟੀ ਨੂੰ ਰਿਜਕ ਦੇ ਕੇ ਪ੍ਰਤਿਪਾਲਨਾ ਕਰਦਾ ਹੈ। ਇਸ ਲਈ ਗੁਰੂ ਸਾਹਿਬ ਜੀ ਨੇ ਰਾਗ ਮਾਲਾ ਵਿਚ ਇਹ ਲਿਖਿਆ ਹੈ ਕਿ (ਸਭ ਮਿਲਿ ਸ੍ਰੀ ਰਾਗ ਹੈ ਗਾਵਹਿ) ਅਰਥਾਤ ਸਾਰੇ ਰਾਗ ਮਿਲ ਕੇ ਰਾਗ ਸ੍ਰੀ, ਜੋ ਕੇ ਹਰੀ ਪ੍ਰਮਾਤਮਾ ਹੈ, ਉਸ ਦੀ ਸਿਫਤਿ ਕੀਰਤੀ ਗਾਉਂਦੇ ਹਨ। ਇਸੇ ਕਰਕੇ ਸਤਿਗੁਰ ਜੀ ਨੇ ਬਾਣੀ ਲਿਖਣ ਵੇਲੇ ਸਭ ਤੋਂ ਪਹਿਲੇ ਸ੍ਰੀ ਰਾਗ ਨੂੰ ਥਾਂ ਦੇ ਕੇ ਸਤਿਕਾਰਿਆ ਹੈ। ਤੀਜੇ ਪਾਤਸ਼ਾਹ ਜੀ ਨੇ ਹੁਕਮ ਵੀ ਕਰ ਦਿੱਤਾ ਹੈ। (ਰਾਗਾਂ ਵਿਚ ਸ੍ਰੀ ਰਾਗ ਹੈ, ਜੇ ਸਚਿ ਧਰੇ ਪਿਆਰ) (ਮ: ੩, ਪੰਨਾ 83)

ਦੂਜੇ ਨੰਬਰ ਤੇ ਰਾਗ ਹਿੰਡੋਲ ਹੈ, ਜੋ ਕਿ ਬ੍ਰਹਮਾ ਜੀ ਹਨ, ਜੋ ਸਾਰੀ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲੇ ਹਨ। ਤੀਜੇ ਨੰਬਰ ਤੇ ਹਨ, ਰਾਗ ਭੈਰਵ ਜੋ ਕਿ ਭਗਵਾਨ ਸ਼ਿਵ ਦਾ ਸਰੂਪ ਹਨ ਅਤੇ ਸ਼ਿਵ ਦਾ ਕੰਮ ਹੈ ਸ੍ਰਿਸ਼ਟੀ ਦੀ ਸੰਭਾਲਨਾ ਤੇ ਸਫਾਈ ਕਰਨੀ। ਰਾਗ ਭੈਰਵ ਰਾਗਾਂ ਵਿਚ ਪ੍ਰਧਾਨ ਮੰਤਰੀ ਦਾ ਦਰਜਾ ਰੱਖਦੇ ਹਨ। ਵਿਦਿਆਰਥੀਆਂ ਨੂੰ ਸੰਗੀਤ ਦੀ ਸਿੱਖਿਆ ਦੇਣ ਵੇਲੇ ਰਾਗ ਭੈਰਵ ਤੋਂ ਹੀ ਸ਼ੁਰੂਆਤ ਕੀਤੀ ਜਾਂਦੀ ਹੈ। ਇਸੇ ਕਰਕੇ ਸਤਿਗੁਰ ਜੀ ਨੇ ਰਾਗ ਮਾਲਾ ਵਿਚ (ਪ੍ਰਥਮ ਰਾਗ ਭੈਰਉ ਵੈ ਕਰਹੀ) ਕਰਕੇ ਲਿਖਿਆ ਹੈ। ਚੌਥੇ ਨੰਬਰ ਤੇ ਹਨ ਰਾਗ ਦੀਪਕ ਜੋ ਸਾਰੀ ਸ੍ਰਿਸ਼ਟੀ ਦਾ ਦੀਪਕ ਹਨ। ਰੌਸ਼ਨੀ ਦੇਣ ਵਾਲੇ ਤੇ ਸਾਰੇ ਸੰਸਾਰ ਦੇ ਚਲਣ ਦਾ ਕਾਰਨ ਹੀ ਸੂਰਜ ਹੈ। ਸਤਿਗੁਰ ਲਿਖਦੇ ਹਨ (ਸੂਰਜੁ ਏਕੋ ਰੁਤ ਅਨੇਕ) (ਮ: ੨, ਪੰਨਾ 12) ਸੂਰਜ ਦੇ ਕਾਰਨ ਹੀ, ਰੁੱਤਾਂ ਅਤੇ ਦਿਨ ਰਾਤ ਬਣਦੇ ਹਨ, ਤੇ ਰਾਗ ਮੇਘ ਬਣ ਕੇ ਪੰਜਵੇਂ ਨੰਬਰ ਤੇ ਇੰਦਰਦੇਵਤਾ ਵਰਸ਼ਾ ਕਰਦਾ ਹੈ। ਸੋ ਪੰਜਵਾਂ ਰਾਗ ਮੇਘ ਹੈ ਜੋ ਕਿ ਇੰਦਰ ਦੇਵਤਾ ਹੈ। ਛੇਵੇਂ ਨੰਬਰ ਤੇ ਆਉਂਦੇ ਹਨ, ਰਾਗ ਮਾਲਕੌਂਸ ਜੋ ਕਿ ਚੰਦਰ ਦੇਵ (ਚੰਦਰਮਾ) ਜੀ ਹਨ ਜਿਹਨਾਂ ਦਾ ਕੰਮ ਹੈ, ਸੰਸਾਰ ਨੂੰ ਠੰਢਕ ਦੇਣੀ। ਸੋ ਇਸ ਰਾਗ ਮਾਲਕੌਂਸ ਦੀ ਰੁੱਤ ਠੰਢੀ ਹੈ, ਜਿਸ ਨੂੰ ਸਿਸੀਅਰ ਰੁੱਤ ਕਹਿੰਦੇ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਰੁੱਤੀ ਸਲੋਕਾਂ ਵਿਚ ਫੁਰਮਾਨ ਕਰਦੇ ਹਨ (ਰੁਤਿ ਸਿਸੀਅਰ ਸੀਤਲ ਹਰਿ ਪ੍ਰਗਏ ਮੰਘਰ ਪੋਹਿ ਜੀਉ। (ਮ: ੫ ਪੰਨਾ 929) ਅਰਥਾਤ ਸਿਸੀਅਰ ਰੁੱਤ ਮਹੀਨਾ ਮਘਰ ਤੇ ਪੋਹ ਵਿਚ ਹੁੰਦੀ ਹੈ ਅਤੇ ਸਿਸੀਅਰ ਰੁੱਤ ਦਾ ਰਾਗ ਹੈ (ਮਾਲਕੌਂਸ) ਸੋ ਰਾਗ ਮਾਲਕੌਂਸ ਤੇ ਆਧਾਰਤ ਇਹ ਛੇਵਾਂ ਤੇ ਆਖਰੀ ਰਾਗ ਹੈ ਤੇ ਇਹ ਰਾਗ ਰੁੱਤ ਦਾ ਮੇਰਾ ਆਖਰੀ ਲੇਖ ਹੈ। ਇਸ ਰਾਗ ਦਾ ਮਾਲਕੌਂਸ ਦੇ ਸੰਬੰਧ ਵਿਚ ਕੁਛ ਸਤਰਾਂ ਦਾਸ ਨੇ ਕਵਿਤਾ ਰੂਪ ਵਿਚ ਲਿਖੀਆਂ ਹਨ। ਜੋ ਹੇਠ ਲਿਖੀਆਂ ਹਨ। ਕਿਉਂ ਕਿ ਰਾਗ ਮਾਲਾ ਵਿਚ (ਮਾਲਕੌਂਸ) ਦਾ ਦੂਜਾ ਨੰਬਰ ਹੈ, ਤੇ ਉਸ ਨੂੰ ਮੁੱਖ ਰੱਖ ਕੇ ਮੈ ਲਿਖਿਆ ਹੈ:

ਦੂਜਾ ਰਾਗ ਜੋ ਮਾਲਕੌਂਸ ਹੈ, ਰੁੱਤ ਸਿਸੀਅਰ ਠੰਢੀ ਰਾਤ।
ਐਸੀ ਠੰਢੀ ਰਾਤ ਮੇਂ, ਸਭ ਸੁੰਗੜ ਗਈ ਕਾਇਨਾਤ।
ਹੋਕਾ ਨਿਕਲੇ ਹੰਢ ਸੇ, ਤੇ ਹੂਕ ਬਿਰਹਾ ਕੀ ਆਇ।
ਚੰਦਰ ਦੇਵ ਜੀ ਮਾਲਕੌਂਸ ਬਣ, ਆਧੀ ਰਾਤ ਕੋ ਆਇ (1)
ਭੈਰਵੀ ਠਾਠ ਦੀ ਸੁਰਾਂ ਤੋਂ ਆੜਵ ਜਾਤ ਬਨ ਜਾਇ
ਸਾ ਗਾ ਮਾ ਧਾ ਨੀ ਕੀ ਸੁਰ ਸੇ, ਮਾਲਕੌਂਸ ਬਣ ਜਾਇ
ਐਸੀ ਠੰਢੀ ਰਾਤ ਮੇਂ, ਜਬ ਪਾਣੀ ਬਰਫ਼ ਹੋ ਜਾਇ
ਮਾਲਕੌਂਸ ਕੀ ਹੇਕ ਸੇ, ਤਬ ਪਾਥਰ ਭੀ ਪਿਘਲਾਇ। (2)
ਰੇ ਔਰ ਪਾ ਕੇ ਛੋਡ ਕਰ, ਸਭ ਕੋਮਲ ਸੁਰ ਮਾਨ
ਮਾ ਸਾ ਵਾਦ ਸੰਵਾਦ ਕਰ, ਹੈ ਮਾਲਕੌਂਸ ਪਹਿਚਾਨ

ਮਾ ਗੁਾ ਮਾ ਧੁਾ, ਨੁੀ ਧੁਾ ਗੁਾ, ਸਾ, ਮੁਖ ਅੰਗ ਇਹ ਜਾਨ
ਸ਼ਹਿਦ ਵਰਗਾ ਰਾਗ ਹੈ, ਮਾਲ ਕੌਂਸ ਸੱਚ ਜਾਨ (3)

ਦੋਹਰਾ ਰੇ ਪਾ ਵਰਜ, ਆੜਵ ਮਧੁਰ, ਸਭ ਕੋਮਲ ਸੁਰ ਮਾਨ।
ਮਾ ਸਾ ਵਾਦ ਸੰਵਾਦ ਕਰ, ਮਾਲਕੌਂਸ ਪਹਿਚਾਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਹੋਰ ਵੀ ਸੰਗੀਤ ਗ੍ਰੰਥਾਂ ਅਤੇ ਨਾਦ ਬਿਨੋਦ ਸੰਗੀਤ ਗ੍ਰੰਥ ਵਿਚ, ਛਿਆਂ ਰਾਗਾਂ ਵਿਚੋਂ ਦੂਜਾ ਨੰਬਰ ਮਾਲਕੌਂਸ ਦਾ ਹੈ ਤੇ ਜ਼ਿਕਰ ਹੈ (ਦੁਤੀਆ ਮਾਲ ਕਉਸਕ ਆਲਾਪਹਿ) ਤੇ ਨਾਦ ਬਿਨੋਦ ਗ੍ਰੰਥ ਵਿਚ ਮਾਲਕੌਂਸ ਦਾ ਸਰੂਪ ਇਸ ਤਰ੍ਹਾਂ ਲਿਖਿਆ ਹੈ (ਰਾਗ ਮਾਲਕੌਂਸ ਜੋ ਕਿ ਚੰਦਰ ਦੇਵ ਦਾ ਸਰੂਪ ਹੈ, ਇਸ ਦਾ ਰੰਗ ਲਾਲ ਤੇ ਸੁਨਿਹਰੀ ਹੈ। ਅਤੇ ਹੱਥ ਦੇ ਵਿਚ ਇਕ ਛੜੀ ਪਕੜੀ ਹੋਈ ਹੈ। ਵੱਡਾ ਯੋਧਾਬੀਰ ਹੈ। ਅਤੇ ਆਪਣੇ ਮਿੱਤਰ ਬੀਰਾਂ ਵਿਚ ਸਜ ਕੇ ਬੈਠਾ ਹੈ। ਰਾਗ ਮਾਲਕੌਂਸ ਠਾਠ ਭੈਰਵੀ ਵਿਚੋਂ ਪ੍ਰਗਟ ਹੁੰਦਾ ਹੈ। ਇਸ ਦਾ ਮਾ ਸ਼ੁੱਧ ਹੈ ਅਤੇ ਬਾਕੀ ਦੇ ਸੁਰ ਕੋਮਲ ਹਨ ਅਤੇ ਰੇ ਤੇ ਪਾ ਸੁਰ ਵਰਜਤ ਹਨ। ਜਾਤੀ ਇਸ ਦੀ ਆੜਵ-ਆੜਵ ਹੈ। ਵਾਦੀ ਸੁਰ ਮਾ ਹੈ, ਅਤੇ ਸੰਵਾਦੀ ਸੁਰ ਸਾ ਹੈ। ਇਹ ਰਾਗ ਮਘਰ ਤੇ ਪੋਹ ਦੇ ਮਹੀਨੇ, ਸਿਸੀਅਰ ਰੁੱਤ ਵਿਚ ਗਾਣ ਨਾਲ ਜ਼ਿਆਦਾ ਖਿੜਦਾ ਹੈ ਅਤੇ ਗਾਣ ਦਾ ਸਮਾਂ ਰਾਤ ਦਾ ਤੀਜਾ ਪਹਿਰ ਹੈ (ਅੱਧੀ ਰਾਤ ਤੋਂ ਬਾਦ ਦਾ ਹੈ) ਅਤੇ ਇਹ ਗੰਭੀਰ ਪ੍ਰਕਿਤੀ ਦਾ ਰਾਗ ਹੈ। ਇਸ ਦਾ ਸਮ ਗੁਰ ਸਾ ਯਾਂ ਮਾਂ ਤੇ ਚਾਹੀਦਾ ਹੈ:

ਆਰੋਹ – ਨੁੀ ਸਾ, ਗੁਾ, ਮਾ, ਧੁਾ, ਨੁੀ ਸਾਂ
ਅਵਰੋਹ – ਸਾ ਨੁੀ, ਧੁਾ, ਮਾ, ਗੁਾ, ਮਾ, ਗੁਾ, ਸਾ
ਮੁੱਖ ਪਕੜ – ਮਾ ਗੁਾ ਮਾ ਧੁਾ ਨੁੀ, ਧੁ ਮ ਗੁ ਸ
ਰਾਗ ਮਾਲਕੌਂਸ ਦਾ ਪ੍ਰਕਿਤੀ ਤੇ ਪ੍ਰਭਾਵ

| ਸੁਰ | ਸੁਭਾਅ | ਵਰਨ | ਪ੍ਰਕਾਸ਼ ਰੰਗ | ਪ੍ਰਕ੍ਰਿਤੀ |
|---|---|---|---|---|
| ਸ | ਸਰਦਤਰ | ਰਕਤ | ਸਵੈਤ | ਪ੍ਰਸੰਨ ਦਿਲ |
| ਗ | ਸਰਦਤਰ | ਸ਼ਵਰਨ | ਸੁਰਖ | ਉਦਾਸ |
| ਮ | ਗਰਮਖੁਸ਼ਕ | ਸਵੰਤ | ਸ੍ਵੈਤ | ਚੰਚਲ |
| ਧ | ਦਿਲਮੋਹਤ | ਪਿਤ | ਸੁਰਖ | ਪ੍ਰਸੰਨ |
| ਨੀ | ਸਰਦਖੁਸ਼ਕ | ਵਚਿਤ੍ਰ | ਕਾਲਾ | ਕ੍ਰੋਧੀ |

ਨੋਟ : ਜੋ ਸਰਗਮ ਦੇ ਸਤ ਸੁਰ ਹਨ, ਜੋ ਕਿ ਹਰ ਇਕ ਰਾਗ ਵਿਚ ਵਰਤੇ ਜਾਂਦੇ ਹਨ, ਇਹ ਸੁਰਾਂ ਤੋਂ ਵੀ ਪਰਮਾਤਮਾ ਦਾ ਨਾਮ ਪ੍ਰਗਟ ਹੁੰਦਾ ਹੈ ਜੋ ਅੱਜ ਤਕ ਕਿਸੇ ਨੇ ਵੀ ਖੋਜ ਨਹੀਂ ਕੀਤੀ। ਉਹ ਇਸ ਤਰ੍ਹਾਂ ਹੈ। ਸਾ: ਸਦਾ ਸਚ ਹੈ, ਰੇ : ਰਮਿਆ ਰਵਿਆ ਹੋਇਆ ਹੈ ਵਿਆਪਕ ਹੈ। ਸਭ ਦੇ ਅੰਦਰ ਹੈ। ਗਾ : ਗੁਰੂ ਹੈ (ਰਸਤਾ ਦੱਸਣ ਵਾਲਾ, ਸੋਝੀ ਦੇਣ ਵਾਲਾ ਹੈ) ਮਾ ਰਾਗ ਮਾਦਾ ਰੂਪ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ। ਪਾ: ਪੂਰਨ ਪੁਰਖ ਪਿਤਾ ਹੈ। ਧ: ਧਰਮ ਹੈ, ਧਰਮ ਦਾ ਰਾਖਾ ਸੱਚਾ ਧਰਮੀ ਹੈ। ਨੀ : ਨਿਆਂਕਾਰੀ ਨਿਰੰਕਾਰ ਹੈ

## ਰਾਗ ਮਾਲਕੌਂਸ ਵਿਚ ਇਹ ਸੁਰ ਆਉਂਦੇ ਹਨ :

ਸਾ ਗਾ ਮਾ ਧਾ ਨੀ ਤੋਂ ਰਾਗ ਮਾਲਕੌਂਸ ਦਾ ਸਿਸਰੀਅਰ ਰੁੱਤ ਦਾ ਸੁਭਾਅ ਇਸ ਤਰ੍ਹਾਂ ਹੈ, ਇਸ ਤਰ੍ਹਾਂ ਹੈ, ਇਸ ਦਾ ਰੁੱਤ ਤਾ ਸੁਭਾਅ, ਸਰਦ ਤਰ, ਤੇ ਸਰਦ ਖੁਸ਼ਕ ਤੇ ਥੋਹੜਾ ਗਰਮ ਖੁਸ਼ਕ-ਦਿਲ ਨੂੰ ਮੋਹਣ ਵਾਲਾ ਹੁੰਦਾ ਹੈ ਤ ਇਸ ਰੁੱਤ ਵਿਚ ਪ੍ਰਕਾਸ਼ ਦਾ ਰੰਗ, ਜ਼ਿਆਦਾ ਸਵੇਤ ਤੇ ਸ਼ਾਮ ਨੂੰ ਸੁਰਖ ਹੁੰਦਾ ਹੈ, ਕਾਲਾ ਰੰਗ ਠੰਢ ਦਾ ਪ੍ਰਤੀਕ ਹੈ, ਰਾਤ ਨੂੰ ਠੰਢ ਹੁੰਦੀ ਹੈ। ਪ੍ਰਕਿਰਤੀ ਇਸ ਰੁੱਤ ਦੀ ਇਸ ਤਰ੍ਹਾਂ ਹੈ ਕਿ ਜਦੋਂ ਦਿਨ ਦਾ ਸੁਰਖ ਤੇ ਸ੍ਵੇਤ ਰੰਗ ਛੁਪ ਜਾਂਦਾ ਹੈ ਤਾਂ ਸਰਦੀ ਵਿਚ ਦਿਲ ਪ੍ਰਸੰਨ ਕਰਨ ਲਈ ਮਨ ਪ੍ਰੇਮੀ ਦਾ ਮਿਲਾਪ ਮੰਗਦਾ ਹੈ ਤੇ ਜਦੋਂ ਇਹ ਅੱਧੀ ਰਾਤ ਸਮੇਂ ਮਾਲਕੌਂਸ ਰਾਗ ਦੀ ਸੁਰਾਂ ਲਾ ਕੇ ਪ੍ਰੇਮੀ ਪ੍ਰਮੇਸ਼ਰ ਨੂੰ ਯਾਦ ਕਰਦਾ ਹੈ ਤਾਂ ਬਿਰਹਾ ਵਿਚ ਤੜਪ ਪੈਦਾ ਹੋ ਜਾਂਦੀ ਹੈ ਤੇ ਇਹ ਰਾਗ ਮਾਲਕੌਂਸ ਦੀ ਆਵਾਜ਼ ਸੁਣ ਕੇ, ਬਰਫ ਤਾਂ ਕੀ ਪੱਥਰ ਵੀ ਪਿਘਲ ਜਾਂਦੇ ਹਨ ਤੇ ਤੜਪਦੇ ਦਿਲ ਨੂੰ ਪ੍ਰਭੂ ਦਾ ਮਿਲਾਪ ਹੋ ਜਾਂਦਾ ਹੈ। ਤਾਂ ਸਥਿਤੀ ਇਹ ਹੋ ਜਾਂਦੀ ਹੈ, ਦਿਲ ਪ੍ਰਸੰਨ ਹੋ ਹੋ ਜਾਂਦਾ ਹੈ। ਹਾਲਤ ਇਹ ਹੋ ਜਾਂਦੀ ਹੈ (ਰਸਿ ਰਸਿ ਭੋਗ ਕਰੇ ਪ੍ਰਭਿ ਮੇਰਾ ਹਮ ਤਿਸ ਆਗੈ ਜੀਉ ਕਟਿ ਕਟਿ ਪਈਆ।। ਹਰਿ ਹਰਿ ਸਰਧਾ ਸੇਜ ਵਿਛਾਈ ਪ੍ਰਭਿ ਛੋਡ ਨ ਸਕੈ ਬਹੁਤ ਮਨਿ ਭਈਆ। (ਮ: ੪, ਪੰਨਾ 836)

425, ਸਿਰਮਨ ਨਿਵਾਸ, ਗਲੀ ਨੰ: 1, ਨਿਊ ਬਸੰਤ ਵਿਹਾਰ, ਕਾਕੋਵਾਲ ਰੋਡ, ਲੁਧਿਆਣਾ-141008, ਫੋਨ : 9780708747, 9463244912

# ਗੁਰਬਾਣੀ ਕੀਰਤਨ : ਨਵੇਂ ਰੁਝਾਨ

ਡਾ. ਜਸਬੀਰ ਕੌਰ

ਕੀਰਤਨ ਸ਼ਬਦ ਕੀਰਤਿ ਦਾ ਵਿਸਤ੍ਰਿਤ ਰੁਪ ਹੈ ਜਿਸ ਦਾ ਭਾਵ ਹੈ ਉਸਤਤ ਕਰਨਾ, ਗੁਣ ਗਾਉਣਾ ਆਦਿ। ਗੁਰਬਾਣੀ ਨੂੰ ਰਾਗ, ਲੈਅ ਅਤੇ ਤਾਲ ਵਿਚ ਗਾਉਣ ਦਾ ਨਾਮ ਕੀਰਤਨ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸਿੱਖ ਧਰਮ ਵਿਚ ਸਵਰ, ਲੈਅ ਅਤੇ ਤਾਲ ਨਾਲ ਗੁਰਬਾਣੀ ਦਾ ਸਮੇਂ ਸਮੇਂ ਦੇ ਰਾਗਾਂ ਵਿਚ ਗਾਉਣਾ ਕੀਰਤਨ ਹੈ। ਕੀਰਤਨ ਗੁਰਬਾਣੀ ਨੂੰ ਰਾਗਾਂ ਵਿਚ ਉਚਾਰਨ ਕਰਨ ਨੂੰਕਹਿੰਦੇ ਹਨ ਕੀਰਤਨ ਸੰਬੰਧੀ ਉਪਰੋਕਤ ਪਰਿਭਾਸ਼ਾਵਾਂ ਤੋ ਗਿਆਤ ਹੁੰਦਾ ਹੈ ਕਿ ਗੁਰਬਾਣੀ ਨੂੰ ਨਿਰਾਧਿਤ ਰਾਗ, ਲੈਅ ਅਤੇ ਤਾਲ ਅਨੁਸਾਰ ਗਾ ਕੇ ਪ੍ਰਮਾਤਮਾ ਦੀ ਕੀਰਤੀ ਜਾਂ ਜਸ ਗਾਉਣ ਦਾ ਨਾਂ ਕੀਰਤਨ ਹੈ।

ਵਿਸ਼ਵ ਦੇ ਇਤਿਹਾਸ ਵਿਚ ਕੋਈ ਵੀ ਅਜੇਹਾ ਧਾਰਮਿਕ ਗ੍ਰੰਥ ਨਹੀਂ ਹੈ ਜੋ ਨਿਰੋਲ ਰਾਗ ਆਧਾਰਿਤ ਹੋਵੇ, ਪ੍ਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਅਜਿਹਾ ਗ੍ਰੰਥ ਹੈ ਜਿਸ ਦੀ ਬਾਣੀ ਰਾਗਾਂ ਅਨੁਸਾਰ ਅੰਕਿਤ ਕੀਤੀ ਹੋਈ ਹੈ ਅਤੇ ਇਸ ਨੂੰ ਗਾਇਨ ਦੀ ਹਦਾਇਤ ਵੀ ਰਾਗਾਂ ਅਨੁਸਾਰ ਹੀ ਹੈ। ਗੁਰੂ ਗ੍ਰੰਥ ਸਾਹਿਬ ਬਾਣੀ ਅਤੇ ਸੰਗੀਤਕ ਪ੍ਰਬੰਧ ਦੇ ਪੱਖੋਂ ਵਿਲੱਖਣ ਤੇ ਵਿਸ਼ੇਸ਼ ਸਥਾਨ ਰੱਖਦਾ ਹੈ ਤੇ ਸਮੁੱਚੀ ਮਾਨਵਤਾ ਲਈ ਇਕ ਵਿਲੱਖਣ ਕੀਰਤਨ ਦਾ ਭੰਡਾਰ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਦੀ ਸੰਪਾਦਨਾ ਵੇਲੇ ਜਿਥੇ 30 ਸ਼ੁੱਧ ਰਾਗਾਂ ਤੇ ਪ੍ਰਕਾਰਾਂ ਨੂੰ ਬਾਣੀ ਵਿਚ ਦਰਜ ਕੀਤਾ ਉਥੇ ਸਾਸ਼ਤਰੀ ਸੰਗੀਤ ਅਤੇ ਲੋਕ ਸੰਗੀਤ ਦੀਆਂ ਗਾਇਨ ਸ਼ੈਲੀਆਂ ਨੂੰ ਵੀ ਰਾਗਾਂ ਵਿਚ ਗਾਇਨ ਲਈ ਪ੍ਰਯੋਗ ਕੀਤਾ।

ਗੁਰੂ ਸਾਹਿਬਾਨ ਨੇ ਕੀਰਤਨ ਦੀ ਸੰਗਤ ਲਈ ਨਵੀਨ ਤੰਤੀ ਸਾਜ਼ ਰਬਾਬ, ਤਾਉਸ ਸਿਰੰਦਾ, ਪਖਾਵਜ ਦਾ ਪ੍ਰਯੋਗ ਕੀਰਤਨ ਵਿਚ ਲਿਆਂਦਾ ਅਤੇ ਇਹ ਸਾਜ਼ ਗੁਰੂ ਨਾਨਕ ਸਾਹਿਬ ਦੇ ਵੇਲੇ ਭਾਈ ਮਰਦਾਨਾ ਰਬਾਬ ਨਾਲ, ਭਾਈ ਸਜਾਦਾ ਗੁਰੂ ਅੰਗਦ ਦੇਵ ਦੇ ਦਰਬਾਰ ਵਿੱਚ, ਭਾਈ ਦੀਪਾ, ਭਾਈ ਸਾਦੂ, ਬਾਦੂ, ਗੁਰੂ ਅਮਰਦਾਸ ਦੇਵ ਦੇ ਦਰਬਾਰ ਵਿਚ ਭਾਈ ਪਾਧਾ, ਬੁਲਾ, ਗੁਰੂਰਾਮਦਾਸ ਤੇ ਗੁਰੂਅਰਜਨ ਦੇਵ ਦੇ ਦਰਬਾਰ ਵਿਚ, ਭਾਈ ਸੱਤਾ ਤੇ ਬਲਵੰਡ, ਭਾਈ ਝਾਝੂ ਤੇ ਕੇਦਾਰਾ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਭਾਈ ਬਾਬਕ, ਭਾਈ ਨੱਥਾ, ਅਬਦੁਲਾ, ਭਾਈ ਲੰਬ, ਗੁਰੂ ਹਰਿ ਰਾਏ ਦੇ ਦਰਬਾਰ ਵਿਚ ਭਾਈ ਜਸ, ਭਾਈ ਨਥੂ, ਭਾਈ ਸੇਵਾ ਰੱਤਾ ਗੁਰੂ ਤੇਗ ਬਹਾਦਰ ਦੇ ਦਰਬਾਰ ਵਿਚ ਭਾਈ ਗੁਰਬਖਸ਼ ਗੁਰੂਗੋਬਿੰਦ ਸਿੰਘ ਦੇ ਦਰਬਾਰ ਵਿਚ ਭਾਈ ਸਦੂਤੇ ਮਦੂ, ਭਾਈ ਉਗਰ ਸੈਨ, ਭਾਈ ਰਾਮੂ, ਭਾਈ ਨਿਗੋਰੀ ਮਲ ਤੰਤੀ ਸਾਜਾਂ ਨਾਲ ਕੀਰਤਨ ਕਰਦੇ ਰਹੇ, ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਭਾਈ ਮਨਸਾ ਸਿੰਘ ਭਾਈ ਲਾਲ, ਜੱਸਾ ਸਿੰਘ ਆਹਲੁਵਾਲੀਆ, ਭਾਈ ਹੀਰਾ ਸਿੰਘ, ਬਾਬਾ ਸ਼ਾਮ ਸਿੰਘ, ਮਹੰਤ ਗੱਜਾ ਸਿੰਘ, ਭਾਈ ਜਵਾਲਾ ਸਿੰਘ, ਚਤਰ ਸਿੰਘ, ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ ਨੇ ਇਸ ਪਰੰਪਰਾ ਨੂੰ ਜਾਰੀ ਰੱਖਿਆ। ਅੱਜ ਕੱਲ ਭਾਈ ਬਲਬੀਰ ਸਿੰਘ, ਪ੍ਰੋ: ਕਰਤਾਰ ਸਿੰਘ, ਭਾਈ ਅਮਰੀਕ ਸਿੰਘ ਜਖਮੀ, ਗੁਰਮੀਤ ਸਿੰਘ ਸ਼ਾਂਤ, ਭਾਈ ਬਲਦੀਪ ਸਿੰਘ, ਡਾ. ਗੁਰਨਾਮ ਸਿੰਘ ਇਸ ਪਰੰਪਰਾ ਨੂੰ ਅੱਗੇ ਤੋਰ ਰਹੇ ਹਨ।

ਸ੍ਰੀ ਹਰਿਮੰਦਰ ਸਾਹਿਬ ਵਿਚ ਪ੍ਰਚਲਿਤ ਗੁਰਬਾਣੀ ਕੀਰਤਨ ਪ੍ਰਣਾਲੀ ਤੋਂ ਬਿਨਾਂ ਵਿਆਖਿਆ ਪ੍ਰਧਾਨ, ਪ੍ਰਮਾਣ ਪ੍ਰਧਾਨ, ਸਾਜ਼ ਪ੍ਰਧਾਨ, ਸ਼ਬਦ ਰੀਤ ਪ੍ਰਧਾਨ, ਸਮੂਹਿਕ ਤੇ ਅਖੰਡ ਕੀਰਤਨ ਦੇ ਢੰਗਾਂ ਨੂੰਵੱਖਰੇ-ਵੱਖਰੇ ਰਾਗੀਆਂ ਦੁਆਰਾ ਵੱਖਰੇ-ਵੱਖਰੇ ਢੰਗ ਨਾਲ, ਗਾਇਆ ਤੇ ਅਪਣਾਇਆ ਜਾ ਰਿਹਾ ਹੈ। ਪਰ ਅਜੋਕੇ ਸਮੇਂ ਵਿਚ ਵਿਦਿਅਕ ਅਦਾਰਿਆਂ ਵਿਚ ਸ਼ਬਦ ਗਾਇਨ ਪ੍ਰਤਿਯੋਗਤਾ ਸੰਗਠਿਤ ਹੋਣ ਕਰਕੇ ਤੇ ਸ੍ਰੀ ਗੁਰੂਗ੍ਰੰਥ ਸਾਹਿਬ ਦੇ ਰਾਗਾਂ ਵਿਚ ਖੋਜ ਸੰਬੰਧੀ ਕਾਰਜਾਂ ਕਰਕੇ ਤੇ ਗੁਰਮਤਿ ਸੰਗੀਤ ਉਤਸਵਾਂ ਕਰਕੇ ਨਿਰਧਾਰਿਤ ਰਾਗਾਂ ਵਿਚ ਕੀਰਤਨ ਕਰਨ ਦਾ ਰੁਝਾਨ ਵੀ ਕਾਫੀ ਵਧਿਆ ਹੈ।

ਪਿਛਲੇ ਕਾਫ਼ੀ ਸਮੇਂ ਤੋਂ ਗੁਰਬਾਣੀ ਕੀਰਤਨ ਵਿਚ ਮੁੜ ਤੰਤੀ ਸਾਜਾਂ ਦਾ ਪ੍ਰਯੋਗ ਹੋਣਾ ਸ਼ੁਰੂ ਹੋਇਆ ਜੋ ਗੁਰਬਾਣੀ ਕੀਰਤਨ ਦੇ ਮੁੱਖ ਮੰਤਵ ਨੂੰ ਉਜਾਗਰ ਕਦਮ ਆਖਿਆ ਜਾ ਸਕਦਾ।

ਪਹਿਲਾਂ ਜਿੱਥੇ ਗੁਰਬਾਣੀ ਕੀਰਤਨ ਸਰਵਣ ਕਰਨ ਦਾ ਸਾਧਨ ਕੇਵਲ ਗੁਰਦੁਆਰੇ ਹੀ ਹੁੰਦੇ ਸਨ ਹੁਣ ਅਜੋਕੀ ਨਵੀਂ ਤਕਨਾਲੌਜੀ ਨੇ ਸੀ. ਡੀ. ਰਾਹੀਂ ਕੀਰਤਨ ਨੂੰ ਘਰਾਂ ਤੱਕ ਪਹੁਚਾਉਣ ਦਾ ਇਕ ਕਾਰਗਰ ਸਾਧਨ ਪ੍ਰਦਾਨ ਕੀਤਾ ਹੈ। ਵਿਸ਼ੇਸ਼ਤਾ ਇਹ ਹੈ ਕਿ ਗੁਰਬਾਣੀ ਕੀਰਤਨ ਸੀ.ਡੀ. ਦੇ ਮਾਧਿਆਮ ਰਾਹੀਂ ਜਿਥੇ ਆਤਮਕ ਅਨੰਦ ਪ੍ਰਦਾਨ ਕਰਨ ਦਾ ਸਾਧਨ ਬਣਿਆ ਹੈ ਉਥੇ ਉਹ ਰਾਗੀ ਜਿਨ੍ਹਾਂ ਦਾ ਕੀਰਤਨ ਸੁਣਨ ਲਈ ਮਨ ਵੀ ਰਸ ਵਿਭੋਰ ਹੁੰਦਾ ਹੈ ਅਤੇ ਕੰਨ ਵੀ ਸੁਣਨ ਲਈ ਤਰਸਦੇ ਹਨ ਉਹ ਸੀ. ਡੀ. ਰਾਹੀਂ ਗੁਰਬਾਣੀ ਕੀਰਤਨ ਪ੍ਰਦਾਨ ਕਰਨ ਵਿਚ ਡੂੰਘੀ ਰੁਚੀ ਦਿਖਾ ਰਹੇ ਹਨ। ਹੋਰ ਤਾਂ ਹੋਰ ਇਸ ਖੇਤਰ ਵਿਚ ਪ੍ਰਗਤੀ ਹੋਈ ਹੈ ਕਿ ਇਹ ਸੀ.ਡੀ. ਹੁਣ ਡੀ. ਵੀ. ਡੀ. ਦੇ ਰੂਪ ਵਿਚ ਵੀ ਪ੍ਰਾਪਤ ਹੋ ਰਹੀਆਂ ਹਨ ਤੇ ਗੁਰਬਾਣੀ ਕੀਰਤਨ ਨਾਲ ਸੰਬੰਧਿਤ ਕੀਰਤਨੀਏ ਆਪਣੀਆਂ ਐਲਬਮ ਵਿਸ਼ੇਸ਼ ਰੂਪ ਵਿਚ ਤਿਆਰ ਕਰਵਾ ਰਹੇ ਹਨ। ਇਸ ਖੇਤਰ ਵਿਚ ਟੀ. ਵੀ. ਚੈਨਲ ਵੀ ਉੱਘਾ ਯੋਗਦਾਨ ਪਾ ਰਹੇ ਹਨ ਕਿਉਂਕਿ ਟੀ. ਵੀ. ਦੇ ਮਾਧਿਆਮ ਰਾਹੀਂ ਸਾਨੂੰ ਗੁਰਬਾਣੀ ਕੀਰਤਨ ਦੇ ਪ੍ਰਸਿੱਧ ਕੀਰਤਨੀਏ ਦੇ ਦਰਸ਼ਨ ਵੀ ਹੁੰਦੇ ਹਨ ਤੇ ਕੀਰਤਨ ਵੀ ਸੁਣ ਸਕਦੇ ਹਾਂ। ਇਹ ਰੁਝਾਨ ਨਾ ਕੇਵਲ ਆਤਮਕ ਅਨੰਦ ਦੇਣ ਵਾਲੇ ਹਨ ਸਗੋਂ ਆਰਥਕ ਖੇਤਰ ਵਿਚ ਵੀ ਵੱਡਮੁਲੀ ਮਹੱਤਤਾ ਰੱਖਦੇ ਹਨ। ਗੁਰਬਾਣੀ ਕੀਰਤਨ ਦੇ ਨਵੇਂ ਰੁਝਾਂਨਾਂ ਨੇ ਜਿਥੇ ਕੀਰਤਨ ਕਰਨ ਵਾਲਿਆਂ ਨੂੰਉਤਸ਼ਾਹਤ ਕੀਤਾ ਹੈ ਉਥੇ ਇਸ ਨੇ ਰੁਜ਼ਗਾਰ ਦੇ ਵੀ ਬਹੁਮੁੱਲੇ ਸਾਧਨ ਪੇਸ਼ ਕੀਤੇ ਹਨ। ਯੂਨੀਵਰਸਿਟੀਆਂ ਵਿਚ ਗੁਰਬਾਣੀ ਕੀਰਤਨ ਨਾਲ ਸੰਬੰਧਿਤ ਵਿਭਿੰਨ ਵਿਭਾਗ ਖੁੱਲ੍ਹੇ ਹਨ, ਖੁੱਲ੍ਹ ਰਹੇ ਹਨ। ਪ੍ਰਸਿੱਧ ਸ਼ਹਿਰਾਂ ਵਿਚ ਕੀਰਤਨ ਸਿਖਾਉਣ ਵਾਲਿਆਂ ਦੀਆਂ ਐਕਡਮੀਆਂ ਖੁੱਲ੍ਹ ਰਹੀਆਂ ਹਨ ਜਿਥੇ ਗੁਰਬਾਣੀ ਕੀਰਤਨ ਦੀ ਸਿਖਲਾਈ ਵਿਸ਼ੇਸ਼ ਰੂਪ ਵਿਚ ਦਿੱਤੀ ਜਾ ਰਹੀ ਹੈ। ਗੁਰਬਾਣੀ ਕੀਰਤਨ ਦੇ ਇਨ੍ਹਾਂ ਰੁਝਾਣਾਂ ਨੇ ਸਾਹਿਤਕ ਖੇਤਰ ਵਿਚ ਵੱਡਮੁੱਲਾ ਯੋਗਦਾਨ ਪਾਇਆ ਹੈ। ਕੋਈ ਸਮਾਂ ਹੁੰਦਾ ਸੀ ਕਿ ਗੁਰਬਾਣੀ ਕੀਰਤਨ ਸ਼ਿਖਣ ਸਿਖਾਉਣ ਵਾਲਿਆਂ ਨੂੰਕੋਈ ਵਿਰਲੀ ਹੀ ਪੁਸਤਕ ਇਸ ਕਾਰਜ ਵਿਚ ਸਹਾਇਤਾ ਕਰਨ ਲਈ ਪ੍ਰਾਪਤ ਹੁੰਦੀ ਸੀ ਜੋ ਪੁਸਤਕਾਂ ਪ੍ਰਾਪਤ ਵੀ ਹੁੰਦੀਆਂ ਸਨ ਉਹ ਏਨੀਆਂ ਜਟਿਲ ਹੁੰਦੀਆਂ ਸਨ ਜਿਨ੍ਹਾਂ ਤੋਂ ਸਧਾਰਨ ਵਿਅਕਤੀ ਲੋੜੀਂਦੀ ਜਾਣਕਾਰੀ ਪ੍ਰਾਪਤ ਨਹੀਂ ਕਰ ਸਕਦਾ। ਪਰ ਅੱਜ ਇਸ ਖੇਤਰ ਨਾਲ ਜੁੜੀਆਂ ਦਰਜਨਾਂ ਪੁਸਤਕਾਂ ਪ੍ਰਾਪਤ ਹੋ ਜਾਂਦੀਆਂ ਹਨ। ਜਿਨ੍ਹਾਂ ਦੀ ਸਹਾਇਤਾ ਨਾਲ ਇਕ ਜਨ ਸਧਾਰਣ ਵੀ ਘਰ ਬੈਠਿਆਂ ਗੁਰਬਾਣੀ ਕੀਰਤਨ ਦੀ ਸਿਖਲਾਈ ਪ੍ਰਾਪਤ ਕਰ ਸਕਦਾ ਹੈ। ਗੁਰਬਾਣੀ ਕੀਰਤਨ ਦੇ ਇਨ੍ਹਾਂ ਨਵੇਂ ਰੁਝਾਣਾਂ ਨੇ ਹੀ ਕੀਰਤਨ ਦਰਬਾਰ ਦੀ ਪਰੰਪਰਾ ਨੂੰ ਆਰੰਭ ਕਰਾਇਆ ਜਿਸ ਨਾਲ ਦੋ ਕਿਸਮ ਦੇ ਵੱਡਮੁੱਲੇ ਰਾਹ ਪ੍ਰਾਪਤ ਹੋਏ। (1) ਗੁਰਬਾਣੀ ਕੀਰਤਨ ਨਾਲ ਜੁੜੇ ਵਿਅਕਤੀਆਂ ਵਿਚ ਆਪਣੀ ਕਲਾ ਪ੍ਰਵੀਨਤਾ ਨਾਲ ਪ੍ਰਦਰਸ਼ਿਤ ਕਰਨ ਦੀ ਭਾਵਨਾ ਪੈਦਾ ਹੋਈ, ਅਤੇ ਇਸ ਕਲਾ ਨੂੰ ਪ੍ਰਦਰਸ਼ਿਤ ਕਰਨ ਅਤੇ ਵਿਕਸਤ ਕਰਨ ਲਈ ਉਹਨਾਂ ਵਿਚ ਪੜ੍ਹਣ ਪੜ੍ਹਾਉਣ ਅਤੇ ਸਿਖਣ ਸਿਖਾਉਣ ਦੀ ਭਾਵਨਾ ਵੀ ਪ੍ਰਚੰਡ ਹੋਈ ਇਸ ਤਰ੍ਹਾਂ ਗੁਰਬਾਣੀ ਕੀਰਤਨ ਦੇ ਨਵੇਂ ਰੁਝਾਣਾਂ ਨੇ ਜਿਥੇ ਗੁਰਬਾਣੀ ਕੀਰਤਨ ਦੇ ਮੁਖ ਮੰਤਵ ਸ਼ਬਦ ਦੀ ਪ੍ਰਧਾਨਤਾ ਵਾਲੀ ਗਾਇਕੀ ਨੂੰਪਰਪੱਕ ਕਰਨ ਲਈ ਗੁਰਬਾਣੀ ਕੀਰਤਨ ਦੀਆਂ ਪ੍ਰਾਚੀਨ ਰੀਤਾਂ ਗੁਰਬਾਣੀ ਕੀਰਤਨ ਲਈ ਵਰਤੇ ਜਾਂਦੇ ਸਾਜ਼ਾਂ, ਗੁਰਬਾਣੀ ਕੀਰਤਨ ਨਾਲ ਜੁੜੀਆਂ ਲੋਕ ਧਾਰਾਵਾਂ ਅਤੇ ਸਾਹਿਤ ਸਿਰਜਣਾ ਨੂੰਪ੍ਰਫੂਲਤ ਕਰਨ ਵਿਚ ਵੱਡਮੁੱਲਾ ਯੋਗਦਾਨ ਪਾਇਆ ਹੈ। ਲੋੜ ਹੈ ਇਸ ਰੁਝਾਣ ਨੂੰਇਸ ਦੇ ਠੀਕ ਸੰਦਰਭ ਵਿਚ ਪਛਾਣਨ ਅਤੇ ਸਹੀ ਪਰਿਪੇਖ ਨੂੰਉਜਾਗਰ ਕਰਨ ਦੀ ਨਿਰੰਤਤਰਤਾ ਨੂੰਜਾਰੀ ਰੱਖਣ।

ਪਰ ਅਸੀਂ ਦੇਖਦੇ ਹਾਂ ਕਿ ਬਹੁਤ ਸਾਰੇ ਰੁਝਾਣ ਐਸੇ ਪ੍ਰਚਲਤ ਹੋ ਰਹੇ ਹਨ ਜੋ ਗੁਰਬਾਣੀ ਕੀਰਤਨ ਦੇ ਮੁੱਖ ਮੰਤਵ ਆਤਮਕ ਅਨੰਦ ਦੇਣ ਦੀ ਥਾਂ ਕੇਵਲ ਕੰਨ ਰਸ ਪੈਦਾ ਕਰਨ ਦੇ ਮੰਤਵ ਨਾਲ ਹੀ ਜੁੜੇ ਹੋਏ ਹਨ ਬਹੁਤ ਸਾਰੇ ਜਥੇ ਕੇਵਲ ਮਾਇਆ ਮੁਖੀ ਹੋਣ ਕਾਰਨ ਅਜਿਹੀਆਂ ਫ਼ਿਲਮੀ ਤਰਜਾਂ ਅਤੇ ਆਮ ਜਨ ਜੀਵਨ ਵਿਚ ਗਾਈਆਂ ਜਾਂਦੀਆਂ ਭੇਟਾਵਾਂ ਨੂੰ ਅਧਾਰ ਬਣਾ ਕੇ ਗੁਰਬਾਣੀ ਕੀਰਤਨ ਕਰਨ ਵਲ ਵਧੇਰੇ ਰੁਚਿਤ ਹਨ ਅਜਿਹੀ ਰੁਚੀ ਲਈ ਕੇਵਲ ਸੰਬੰਧਿਤ ਗਾਇਨ ਕਰਨ ਵਾਲਿਆਂ ਨੂੰਹੀ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ ਇਸ ਰੁਚੀ ਨੂੰਬੜਾਵਾ ਦੇਣ ਵਿਚ ਸਰੋਤਿਆਂ ਦੀ ਵੀ ਉਤਨੀ ਹੀ ਅਣਗਹਿਲੀ ਆਖੀ ਜਾ ਸਕਦੀ ਹੈ।

ਗੁਰਬਾਣੀ ਕੀਰਤਨ ਦਾ ਮੁਖ ਮੰਤਵ ਆਤਮਕ ਅੰਨਦ ਦੇਣਾ ਹੈ ਇਹ ਸ਼ਬਦ ਪ੍ਰਧਾਨ ਹੈ ਤੇ ਕੰਨ ਰਸ ਦਾ ਸਾਧਨ ਨਹੀਂ। ਇਸ ਲਈ ਇਨ੍ਹਾਂ ਨਵੇਂ ਪ੍ਰਚਲਤ ਹੋ ਰਹੇ ਰੁਝਾਣਾਂ ਤੋਂ ਸੁਚੇਤ ਹੋਣ ਦੀ ਲੋੜ ਹੈ ਅਤੇ ਕੇਵਲ ਉਹ ਰੁਝਾਣ ਹੀ ਅਪਨਾਏ ਜਾਣ ਦੀ ਲੋੜ ਹੈ, ਵਧਾਏ ਜਾਣ ਦੀ ਲੋੜ ਜੋ ਗੁਰਬਾਣੀ ਕੀਰਤਨ ਦਾ ਮੁਖ ਮੰਤਵ ਪੂਰਾ ਕਰਨ ਦੇ ਸਮਰੱਥ ਹੋਣ।

ਅੱਜ ਦੇ ਯੁੱਗ ਵਿਚ ਇਕ ਨਵਾਂ ਰੁਝਾਣ ਇਹ ਆਇਆ ਹੈ ਕਿ ਰਾਗੀ ਜਥੇ ਵੱਧ ਤੋਂ ਵੱਧ ਕੀਰਤਨ ਕਰਦੇ ਸਮੇਂ ਪ੍ਰਚਲਤ ਸਾਜਾਂ ਦੀ ਵਰਤੋਂ ਕਰਕੇ ਸਰੋਤਿਆਂ ਨੂੰ ਆਪਣੀ ਕਲਾ ਕੋਸ਼ਲਤਾ ਨਾਲ ਪ੍ਰਭਾਵਿਤ ਕਰਦੇ ਹਨ। ਬਹੁਤੇ ਜਥੇ ਅੱਜ ਕੀਰਤਨ ਕਰਨ ਸਮੇਂ ਮੈਂਡੋਲੀਅਨ, ਸਤਾਰ, ਵਾਇਲਨ ਆਦਿ ਸਾਜ਼ਾਂ ਦੀ ਵਰਤੋਂ ਕਰਦੇ ਹਨ। ਭਾਵੇਂ ਇਹਦੇ ਪਿਛੋਕੜ ਵਿਚ ਆਰਥਕ ਰੁਚੀਆਂ ਹੀ ਕਿਉਂ ਨਾ ਪਨਪ ਰਹੀਆਂ ਹੋਣ ਪਰ ਇਹ ਰੁਝਾਣ ਹੈ ਚੰਗਾ।

ਅੱਜਕਲ੍ਹ ਲਾਈਵ ਟੈਲੀਕਾਸਟ ਕੀਰਤਨ ਸੁਣਨ ਤੇ ਪਤਾ ਚਲਦਾ ਹੈ ਕਿ ਹਜ਼ੂਰੀ ਰਾਗੀ ਜਥਿਆਂ ਵਿਚ ਕੇਵਲ ਇਕ ਦੋ ਜੱਥੇ ਹੀ ਆਸਾ ਦੀ ਵਾਰ ਦਾ ਕੀਰਤਨ ਕਰਨ ਸਮੇਂ ਤੰਤੀ ਸਾਜ਼ਾਂ ਨਾਲ ਕੀਰਤਨ ਕਰ ਰਹੇ ਹਨ ਪਰ ਉਪਰਾਲੇ ਤਾਂ ਬਹੁਤ ਹੋਏ ਹਨ ਪਰ ਅਗਰ ਸਾਰੇ ਹੀ ਸਕੂਲ ਕਾਲਜਾਂ ਵਿਚ ਗੁਰਮਤਿ ਸੰਗੀਤ ਦਾ ਵਿਸ਼ਾ ਲਾਗੂਕਰ ਦਿੱਤਾ ਜਾਵੇ ਤਾਂ ਅਸੀਂ ਵਿਦਿਆਰਥੀਆਂ ਨੂੰ ਜਿੱਥੇ ਤੰਤੀ ਸਾਜਾਂ ਦੀ ਸਿਖਲਾਈ ਵਲ ਪਰੇਰਿਤ ਕਰ ਸਕਦੇ ਹਾਂ, ਉਥੇ ਗੁਰਬਾਣੀ ਕੀਰਤਨ ਦੀ ਸਿਖਿਆ ਵੀ ਦੇ ਸਕਦੇ ਹਾਂ।

ਸੋ ਗੁਰਦੁਆਰਾ ਸੁਧਾਰ ਲਹਿਰ ਦੇ ਸਿੱਟੇ ਵਜੋਂ ਮੁਖ ਗੁਰਧਾਮਾਂ ਦੇ ਪੰਥਕ ਪ੍ਰਬੰਧ ਵਿਚ ਆਉਣ ਨਾਲ ਜਿਥੇ ਬਾਕੀ ਪ੍ਰਬੰਧਕੀ ਮਾਮਲਿਆਂ ਵਿਚ ਸੁੱਚਜਾ ਸੁਧਾਰ ਹੋਇਆ ਹੈ ਉਥੇ ਕੀਰਤਨ ਦੀ ਮੁਖੀ ਸੰਸਥਾ, ਬੇਧਿਆਨੀ ਸਿਖਲਾਈ, ਸਾਧਨਾਂ ਅਤੇ ਉਤਸ਼ਾਹੀ ਉਪਰਾਲੇ ਦੀ ਘਾਟ ਹੋ ਸਕਦੀ ਹੈ। ਅਜਿਹੇ ਉਤਸ਼ਾਹ ਵਧਾਊ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ ਕਿ ਬਹੁਤੇ ਰਾਗੀ ਜੱਥੇ ਰਬਾਬ, ਤਾਊਸ ਸਿਰੰਦਾ, ਮ੍ਰਿਦੰਗ ਨਾਲ ਕੀਰਤਨ ਕਰਨ।

1969 ਵਿਚ ਪੱਛਮ ਵਿਚ ਧਾਰਮਿਕ ਪੰਜਾਬੀ ਸੰਗੀਤ ਨੂੰ ਯੋਗੀ ਹਰਭਜਨ ਸਿੰਘ ਨੇ ਗੁਰੂਨਾਨਕ ਬਾਣੀ ਦੇ ਸੰਦੇਸ਼ ਅਮਰੀਕਾ ਵਿਚ ਅੰਗਰੇਜ਼ੀ ਵਿਚ ਅਨੁਵਾਦ ਕਰਕੇ ਜਪਾਉਣਾ ਸ਼ੁਰੂ ਕੀਤਾ। ਇਨ੍ਹਾਂ ਹੀ ਬਾਣੀ ਸ਼ਬਦਾਂ ਦਾ ਜਪਾਨੀ, ਸਪੈਨਿਸ਼, ਜਰਮਨ, ਫਰਾਸੀਸੀ ਅਤੇ ਹੋਰ ਯੋਰਪੀਅਨ ਭਾਸ਼ਾਵਾ ਵਿਚ ਅਨੁਵਾਦ ਕੀਤਾ ਗਿਆ। ਨਵੇਂ ਰੁਝਾਨਾਂ ਵਿਚ ਸੰਗੀਤਕਾਰਾਂ ਨੇ ਮੌਲਿਕ ਧੁਨਾ ਦੀ ਰਚਨਾ ਕੀਤੀ ਅਤੇ Peace Lagoon ਸ਼ਬਦਾਂ ਨੂੰ ਗਾਉਣਾ ਸ਼ੁਰੂਕਰ ਦਿੱਤਾ ਹੈ। ਜਿਸ ਦੀ ਸੰਗਤ ਲਈ ਗਿਟਾਰ ਤਬੂਰਿਕ ਅਤੇ ਹੋਰ ਪੱਛਮੀ ਸਾਜਾਂ ਦਾ ਪ੍ਰਯੋਗ ਹੋ ਰਿਹਾ ਹੈ। ਸਿੱਖ ਕੀਰਤਨ ਦਿਲਚਸਪੀ ਦਾ ਵਿਸ਼ਾ ਬਣ ਗਿਆ ਹੈ ਅਤੇ ਵਿਦਿਆਰਥੀਆਂ ਰਾਗੀਆਂ ਦੀ ਤਰ੍ਹਾਂ ਇਸ ਨੂੰ ਗਾਉਣਾ ਸਿੱਖਣਾ ਚਾਹੁੰਦੇ ਹਨ। ਗੁਰਦਵਾਰਿਆਂ ਵਿਚ ਜਾਕੇ ਯੁਵਕਾਂ ਅਤੇ ਰਿਕਾਰਡ ਕੀਤੇ ਕੀਰਤਨ ਨੂੰ ਸੁਣ ਕੇ ਯਾਦ ਕਰਨਾ ਚੰਗਾ ਰੁਝਾਨ ਹੈ। ਯੂ.ਕੇ. ਵਿਚ ਵਿਕਰਮ ਸਿੰਘ ਨੇ ਗਿਆਨੀ ਅਮੋਲਕ ਸਿੰਘ ਤੋਂ ਸਾਸ਼ਤਰੀ ਸੰਗੀਤ ਸਿੱਖ ਕੇ ਅਮਰੀਕਾ ਵਿਚ ਅਲੀ ਅਕਬਰ ਖਾਨ ਸਕੂਲ ਤੋਂ ਸਿਖਿਆ ਪ੍ਰਾਪਤ ਕਰਕੇ ਅਮਰੀਕਣ ਸਿਖਾਂ ਨੂੰ ਕਲਾਸੀਕਲ ਕੀਤਰਨ ਸਿੱਖਣ ਲਈ ਉਤਸ਼ਾਹਤ ਕਰ ਰਹੇ ਹਨ। ਇਸ ਚੰਗੇ ਰੁਝਾਨ ਕਰਕੇ ਉਤਰੀ ਅਮਰੀਕਨ ਅਤੇ ਯੂਰਪੀਅਨ ਸਿੱਖ ਗਾਉਣਾ ਸਿੱਖ ਗਏ ਅਤੇ ਬੜੇ ਪਿਆਰ ਨਾਲ ਕੀਰਤਨ ਦਾ ਅਨੰਦ ਮਾਣਦੇ ਹਨ। ਇਹਨਾਂ ਵਿੱਚ ਕੁਝ ਸੰਗੀਤਕਾਰ ਰਚਨਾਵਾਂ ਕਰਨੀਆ ਜਾਣਦੇ ਹਨ ਅਤੇ ਅਨੁਵਾਦਤ ਰਚਨਾਵਾਂ ਪੱਛਮੀ ਸਾਜਾਂ ਨਾਲ ਗਾਉਦੇ ਹਨ। ਜਦੋਂ ਕਿ ਦੂਸਰੇ ਗੁਰਮੁਖੀ ਵਿਚ ਸ਼ਬਦ ਹਾਰਮੋਨੀਅਮ ਨਾਲ ਗਾਉਂਦੇ ਹਨ।

ਬਹੁਤ ਸਾਰੇ ਅਮਰੀਕਨ ਸਿੱਖ ਕਲਾਸੀਕਲ ਕੀਰਤਨ ਦਾ ਅਧਿਐਨ ਕਰਦੇ ਹਨ। ਯੂ.ਕੇ. ਵਿਚ ਗੁਰਦਾਸ ਸਿੰਘ ਅਤੇ ਕੁਦਰਤ ਕੌਰ, ਸੁੰਦਰ ਸਿੰਘ ਤੋਂ ਸਿਖਦੇ ਹਨ। ਸਾਂਤੀ ਕੌਰ ਅਤੇ ਦੇਵ ਸਰੂਪ ਕੌਰ, ਭਾਈ ਕੁਲਤਾਰ ਸਿੰਘ ਕੋਲੋਂ ਸਿਖਦੇ ਹਨ। ਇਸ ਤਰ੍ਹਾਂ ਪੁਰਾਤਨ ਸਾਜਾਂ ਅਤੇ ਕਲਾਸੀਕਲ ਕੀਰਤਨ ਸਿੱਖਣ ਦੀ ਰੁਚੀ ਦਾ ਰੁਝਾਨ ਬਹੁਤ ਵਧਿਆ ਹੈ। ਯੋਗੀ ਹਰਭਜਨ ਸਿੰਘ ਦੇ ਆਸ਼ਰਮ ਵਿਚ ਭਾਈ ਬਲਦੀਪ ਸਿੰਘ ਵੱਲੋਂ ਗੁਰੂ ਘਰ ਦੇ ਕੀਰਤਨ ਨਾਲ ਵੱਜਣ ਵਾਲੇ ਤੰਤੀ ਸਾਜ, ਤਾਊਸ, ਰਬਾਬ, ਸਿਰੰਦਾ, ਪਖਾਵਜ ਅਤੇ ਜੋੜੀ ਵਾਦਨ ਦੀ ਕਲਾ ਸਿਖਾਉਣ ਦੀ ਸਿਖਿਆ ਪਿਛਲੇ ਸਮੇਂ ਤੋਂ ਜਾਰੀ ਹੈ ਅਤੇ ਸਿਖਾਰਥੀਆਂ ਦਾ ਰੁਝਾਨ ਵੀ ਵਧਿਆ ਹੈ। ਕੀਰਤਨ ਕੌਰ, ਸਿਰੀ ਸੇਵਕ ਕੌਰ, ਹਰਭਜਨ ਕੌਰ, ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤਾਂ ਰਾਗਾਂ ਦੀਆਂ ਸ਼ਬਦ ਰੀਤਾਂ ਗਾਉਣੀਆਂ ਸਿਖੀਆਂ ਹਨ। ਬੀਬੀ ਨਿਰੰਜਨ ਕੌਰ ਹੁਣ ਅਮ੍ਰਿਤਸਰੀ ਬਾਜ ਦੀ ਜੋੜੀ ਪਖਾਵਜ ਵਜਾਉਣ ਵਾਲੀ ਪਹਿਲੀ ਬੀਬੀ ਹੈ।

ਸ੍ਰੀ ਹਰਿਮੰਦਰ ਸਾਹਿਬ ਦੀ ਕੀਰਤਨ ਪਰੰਪਰਾ ਗੁਰਬਾਣੀ ਕੀਰਤਨ ਦੇ ਸੰਚਾਲਨ ਦਾ ਇਕ ਰੋਲ ਮਾਡਲ ਹੈ ਨਿਰਸੰਦੇਹ ਗੁਰਬਾਣੀ ਕੀਰਤਨ ਦੇ ਅਸਲ ਮੰਤਵ ਨੂੰਉਜ਼ਾਗਰ ਕਰਨ ਲਈ ਸ੍ਰੀ ਦਰਬਾਰ ਸਾਹਿਬ ਦੀ ਕੀਰਤਨ ਪਰੰਪਰਾ ਵਿਚ

ਕਈ ਲੋੜੀਂਦੇ ਕਦਮ ਪੁੱਟੇ ਗਏ ਹਨ ਪਰ ਹਾਲੇ ਵੀ ਇਸ ਵਿਚ ਹੋਰ ਵਾਧੇ ਕਰਨ ਦੀ ਲੋੜ ਹੈ ਸ੍ਰੀ ਹਰਿਮੰਦਰ ਸਾਹਿਬ ਤੋਂ ਹੋਣ ਵਾਲਾ ਕੀਰਤਨ ਨਿਰੋਲ ਸ਼ਬਦ ਪ੍ਰਧਾਨ ਗਾਇਨ ਸ਼ੈਲੀ ਵਾਲਾ ਹੀ ਹੋਣਾ ਚਾਹੀਦਾ ਹੈ। ਇਸ ਕਾਰਜ ਲਈ ਵਰਤੇ ਜਾਂਦੇ ਸਾਜ਼ ਵੀ ਗੁਰਬਾਣੀ ਕੀਰਤਨ ਦੇ ਮੁੱਖ ਮੰਤਵ ਨੂੰਉਜਾਗਰ ਕਰਨ ਵਾਲੇ ਵੀ ਹੋਣੇ ਚਾਹੀਦੇ ਹਨ। ਬੇਸ਼ਕ ਅਜੋਕੇ ਸਮੇਂ ਹਰਿਮੰਦਰ ਸਾਹਿਬ ਦੇ ਰਾਗੀ ਤੰਤੀ ਸਾਜ਼ਾਂ ਦਾ ਪ੍ਰਯੋਗ ਕਰ ਰਹੇ ਹਨ ਪਰ ਕੇਵਲ ਇਕ ਸਾਜ਼ ਦੀ ਵਰਤੋਂ ਹੀ ਇਸ ਮਕਸਦ ਨੂੰਪੂਰਾ ਕਰਨ ਦੇ ਸਮਰਥ ਨਹੀਂ ਆਖੀ ਜਾ ਸਕਦੀ। ਇਸ ਲਈ ਇਸ ਪਾਸੇ ਉਚੇਰਾ ਧਿਆਨ ਦੇਣ ਦੀ ਲੋੜ ਹੈ, ਚੰਗਾ ਹੋਵੇ ਜੇ ਦਰਬਾਰ ਸਾਹਿਬ ਦੇ ਨਾਲ ਦੇਸ਼ ਦੇ ਪੰਜਾਂ ਤਖਤਾਂ ਅਤੇ ਇਤਿਹਾਸਕ ਗੁਰਦੁਆਰਿਆਂ ਵਿਚ ਵੀ ਇਸ ਕੀਰਤਨ ਪਰੰਪਰਾ ਦੇ ਰੁਝਾਲ ਨੂੰਸ਼ੁਰੂਕੀਤਾ ਜਾਵੇ ਅਜਿਹਾ ਕਰਨ ਨਾਲ ਹੀ ਅਜੋਕੇ ਸਮੇਂ ਦੀ ਨਵੀਂ ਤਕਨਾਲੋਜ਼ੀ ਨਾਲ ਕੀਰਤਨ ਕਰਨ ਨੂੰ ਨਾ ਕੇਵਲ ਸੇਧ ਮਿਲ ਸਕਦੀ, ਸਗੋ ਉਤਸ਼ਾਹ ਵੀ ਮਿਲੇਗਾ।

ਸ਼੍ਰੋਮਣੀ ਕਮੇਟੀ ਦੇ ਗੁਰਬਾਣੀ ਕੀਰਤਨ ਨਾਲ ਜੁੜੇ ਵਿਦਿਅਕ ਅਦਾਰੇ ਇਸ ਖੇਤਰ ਵਿਚ ਵੱਡਮੁੱਲੀ ਭੂਮਿਕਾ ਨਿਭਾ ਰਹੇ ਹਨ ਜਿਸ ਵਿਚ ਸ੍ਰੀ ਅਨੰਦਪੁਰ ਸਾਹਿਬ ਐਕਡਮੀ, ਸੁਲਤਾਨ ਪੁਰ ਲੋਧੀ ਐਕਡਮੀ, ਦਮਦਮਾ ਸਾਹਿਬ ਅਕੈਡਮੀ, ਸਿੱਖ ਮਿਸ਼ਨਰੀ ਕਾਲਜਾਂ, ਫਤਹਿਗੜ੍ਹ ਸਾਹਿਬ ਬਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਯੂਨੀਵਰਸਿਟੀ ਇਸ ਖੇਤਰ ਵਿਚ ਵੱਡਮੁੱਲਾ ਯੋਗਦਾਨ ਪਾ ਸਕਦੀ ਹੈ, ਜੇ ਇਸ ਪਾਸੇ ਲੋੜੀਂਦੇ ਕਦਮ ਚੁੱਕੇ ਜਾਣ ਕਿਉਂਕਿ ਇਨ੍ਹਾਂ ਅਦਾਰਿਆਂ ਪਾਸ ਇਸ ਕਾਰਜ ਨੂੰਸੰਪਨ ਕਰਨ ਲਈ ਲੋੜੀਂਦੇ ਸਾਧਨਾਂ ਦੀ ਕੋਈ ਘਾਟ ਨਜ਼ਰ ਨਹੀਂ ਆਉਂਦੀ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਗੁਰਮਤਿ ਸੰਗੀਤ ਦਾ ਵੱਖਰਾ ਵਿਭਾਗ ਸਥਾਪਿਤ ਕਰਨਾ, ਕੀਰਤਨ ਦੇ ਕਈ ਨਵੇਂ ਕੋਰਸ ਸ਼ੁਰੂ ਕਰਨਾ, ਤੰਤੀ ਸਾਜਾਂ ਦੀ ਸਿਖਲਾਈ ਅਤੇ ਗੁਰਮਤਿ ਸੰਗੀਤ ਸਬੰਧੀ ਹੋ ਰਹੀ ਖੋਜ ਇਕ ਵਧੀਆ ਉਪਰਾਲਾ ਹੈ। ਜਿਸ ਵਿਚ ਡਾ. ਜਸਪਾਲ ਸਿੰਘ ਵਾਈਸ ਚਾਂਸਲਰ ਦੀ ਸੁਚੱਜੀ ਅਗਵਾਈ ਅਤੇ ਡਾ. ਗੁਰਨਾਮ ਸਿੰਘ ਦੇ ਯਤਨਾਂ ਸਦਕਾ online ਕੀਰਤਨ ਸਿੱਖਣ ਦੇ ਨਵੇਂ ਰੁਝਾਨ, ਕੀਰਤਨ ਕੋਰਸ ਇਸ ਖੇਤਰ ਵਿਚ ਸ਼ਲਾਘਾਯੋਗ ਕਦਮ ਹਨ।

ਰੀਡਰ, ਪੰਜਾਬੀ ਭਾਸ਼ਾ ਵਿਕਾਸ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ


## *Beautiful Thoughts*

* Two things define your success in life - The way you manage when you have nothing & the way you behave when you have everything.
* Two things to be learnt from a Child - One to be happy for no reason, Second to be always busy doing something. Never loose a child inside u.
* A Normal person prays to God, "Don't give me problems". But a great person prays to God, "Give me the power to face problems."
* Be greatful that you don't have everything you want. That means you still have an opportunity to be happier tomorrow then you are today.
* Listen in such a way that people feel compelled to "Speak" to you. Speak in such a way that people feel compelled to "Listen" to you.

***With best compliments from a wellwisher***

# RITUALS GET US NOWHERE-UNDERSTANDING CAN

**(Gurcharan Singh Jaito)**

The relation between the Guru and follower is based on knowledge and devotion. If a follower cannot gain knowledge from his Guru or the Guru is not able to impart, then there cannot be any relationship/devotion worth consideration. No devotion can be achieved through rituals, as certain people seem to believe.

Practicing such exercises/ so called meditations through which one has to punish the body through useless rituals like Yog Sadhna, observing fast -eating no food or drink no water, Tapas - to sit in a circle lit with fires around with high temperatures during summer, or during extreme winters sit naked in a prearranged place, under a stand on which a pitcher is kept with a hole a in the bottom, so that a stream of cold water is continuously pouring on the persons head, sitting under. The pitcher is kept full by pouring water in the pitcher by his followers. No one can attain salvation, through such practices.

Further, certain faiths follow continuous readings of certain scriptures recited/sung loudly by the priests, which are not understood by those who sit and listen in blind faith, carry no meanings or effect.

Through out the world intellectuals have accepted that Gurbani (GURU GRANTH SAHIB) has teachings based on sound logic and one can search and find solutions for the worldly problems. Gurbani states:

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥

